Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 43 | Thursday, March 03, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਗੈਸ ਦੀਆਂ ਨਿੱਤ ਵੱਧ ਰਹੀਆਂ ਕੀਮਤਾਂ ਵਿੱਚ ਸ਼ੁੱਕਰਵਾਰ ਨੂੰ 8 ਸੈਂਟ ਦਾ ਹੋਰ ਹੋ ਸਕਦਾ ਹੈ ਵਾਧਾ



ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਸ਼ੁੱਕਰਵਾਰ ਨੂੰ ਗੈਸ ਦੀਆਂ ਕੀਮਤਾਂ ਵਿੱਚ ਅੱਠ ਸੈਂਟ ਦਾ ਵਾਧਾ ਹੋਣ ਦੀ ਸੰਭਾਵਨਾ ਹੈ। ਇਸ ਨਾਲ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਤੇਲ ਦੀਆਂ ਕੀਮਤਾਂ 1•749 ਡਾਲਰ ਪ੍ਰਤੀ ਲੀਟਰ ਤੱਕ ਵਧ ਸਕਦੀਆਂ ਹਨ।

ਐਨ-ਪ੍ਰੌਇੰਟਰਨੈਸ਼ਨਲ ਦੇ ਚੀਫ ਪੈਟਰੋਲੀਅਮ ਵਿਸ਼ਲੇਸ਼ਕ ਰੌਜਰ ਮੈਕਨਾਈਟ ਅਨੁਸਾਰ ਇਸ ਪਾਸੇ ਹਾਲ ਦੀ ਘੜੀ ਕੋਈ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ। ਰੂਸ ਵੱਲੋਂ ਯੂਕਰੇਨ ਉੱਤੇ ਹਮਲਾ ਕਰਨ ਕਰਕੇ ਇਨ੍ਹਾਂ ਕੀਮਤਾਂ ਵਿੱਚ ਵਾਧਾ ਲਗਾਤਾਰ ਜਾਰੀ ਹੈ। ਇਸ ਸਥਿਤੀ ਨੂੰ ਵੇਖਦਿਆਂ ਹੋਇਆਂ ਬੁੱਧਵਾਰ ਨੂੰ ਐਨਡੀਪੀ ਵੱਲੋਂ ਓਨਟਾਰੀਓ ਵਿੱਚ ਗੈਸ ਦੀਆਂ ਕੀਮਤਾਂ ਨੂੰ ਨਿਯੰਤਰਿਤ ਕਰਨ ਲਈ ਬਿੱਲ ਪੇਸ਼ ਕੀਤਾ ਗਿਆ।

ਇੱਕ ਰਲੀਜ਼ ਵਿੱਚ ਐਨਡੀਪੀ ਨੇ ਆਖਿਆ ਕਿ ਫੇਅਰਨੈੱਸ ਇਨ ਪੈਟਰੋਲੀਅਮ ਪ੍ਰੋਡਕਟਸ ਪ੍ਰਾਈਸਿੰਗ ਐਕਟ ਤਹਿਤ ਓਨਟਾਰੀਓ ਐਨਰਜੀ ਬੋਰਡ ਨੂੰ ਰੀਟੇਲ ਪ੍ਰਾਈਸ ਤੇ ਪੈਟਰੋਲੀਅਮ ਪ੍ਰੋਡਕਟਸ ਦੇ ਹੋਲਸੇਲ ਕਾਰੋਬਾਰ ਨੂੰ ਨਿਯੰਤਰਿਤ ਕਰਨ ਲਈ ਉਪਰਾਲੇ ਕਰਨੇ ਹੋਣਗੇ। ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਅਜਿਹੇ ਸਮੇਂ ਜਦੋਂ ਹਾਊਸਿੰਗ, ਚਾਈਲਡ ਕੇਅਰ, ਗਰੌਸਰੀਜ਼ ਤੇ ਹੋਰਨਾਂ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਆਸਮਾਨ ਨੂੰ ਛੂਹ ਰਹੀਆਂ ਹਨ ਉਦੋਂ ਗੈਸ ਦੀਆਂ ਕੀਮਤਾਂ ਦੇ ਨਿੱਤ ਦਿਨ ਵਧਣ ਕਾਰਨ ਆਮ ਪਰਿਵਾਰਾਂ ਦੀਆਂ ਜੇਬ੍ਹਾਂ ਉੱਤੇ ਕਾਫੀ ਬੋਝ ਪੈ ਰਿਹਾ ਹੈ।

ਉਨ੍ਹਾਂ ਇਹ ਵੀ ਆਖਿਆ ਕਿ ਇਸ ਸਮੱਸਿਆ ਨੂੰ ਠੱਲ੍ਹ ਪਾਉਣ ਲਈ ਡੱਗ ਫੋਰਡ ਕੋਲ ਤਿੰਨ ਸਾਲ ਦਾ ਸਮਾਂ ਸੀ ਪਰ ਲਿਬਰਲਾਂ ਵਾਂਗ ਹੀ ਉਹ ਵੀ ਤੇਲ ਤੇ ਗੈਸ ਇੰਡਸਟਰੀ ਦੇ ਆਪਣੇ ਦੋਸਤਾਂ ਦਾ ਸਾਥ ਦੇਣ ਉੱਤੇ ਤੁਲੇ ਹੋਏ ਹਨ ਤੇ ਇਸ ਦਾ ਖਮਿਆਜਾ ਆਮ ਆਦਮੀ ਨੂੰ ਭਰਨਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਗੈਸ ਦੀਆਂ ਕੀਮਤਾਂ ਵਿੱਚ 10 ਸੈਂਟ ਪ੍ਰਤੀ ਲੀਟਰ ਦੀ ਕਟੌਤੀ ਕਰਨ ਦਾ ਫੋਰਡ ਵੱਲੋਂ 2018 ਦੀਆਂ ਚੋਣਾਂ ਵਿੱਚ ਵਾਅਦਾ ਕੀਤਾ ਗਿਆ ਸੀ ਪਰ ਉਨ੍ਹਾਂ ਵੱਲੋਂ ਅਜੇ ਤੱਕ ਇਸ ਵਾਅਦੇ ਨੂੰ ਪੂਰਾ ਨਹੀਂ ਕੀਤਾ ਗਿਆ ਹੈ।

## ਕੌਮਾਂਤਰੀ ਭਾਈਚਾਰੇ ਦੇ ਯੂਕਰੇਨ ਨਾਲ ਖੜ੍ਹਨ ਕਾਰਨ ਰੂਸ ਨੂੰ ਲੱਗਿਆ ਵੱਡਾ ਝਟਕਾ : ਟਰੂਡੋ

ਓਟਵਾ, 2 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਮੰਨਣਾ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਉਨ੍ਹਾਂ ਦੇ ਪ੍ਰਸ਼ਾਸਨ ਨੂੰ ਕੌਮਾਂਤਰੀ ਕਮਿਊਨਿਟੀਜ਼ ਵੱਲੋਂ ਚੁੱਕੇ ਗਏ ਸਖ਼ਤ ਕਦਮਾਂ ਕਾਰਨ ਵੱਡਾ ਝਟਕਾ ਲੱਗਿਆ ਹੈ। ਇਸ ਕਾਰਨ ਪੁਤਿਨ ਨੂੰ ਯੂਕਰੇਨ ਖਿਲਾਫ ਜਾਰੀ ਜੰਗ ਨੂੰ ਖ਼ਤਮ ਕਰਨ ਲਈ ਮਜਬੂਰ ਹੋਣਾ ਪਵੇਗਾ।

ਬੁੱਧਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਲਿਬਰਲ ਕਾਕਸ ਦੀ ਮੀਟਿੰਗ ਉੱਤੇ ਜਾਂਦਿਆਂ ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਪੁਤਿਨ ਇਸ ਗੱਲ ਨੂੰ ਲੈ ਕੇ ਹੈਰਾਨ ਹਨ ਕਿ ਕੌਮਾਂਤਰੀ ਭਾਈਚਾਰਾ ਇੱਕਜੁੱਟ ਹੈ ਤੇ ਉਨ੍ਹਾਂ ਖਿਲਾਫ ਕਾਰਵਾਈ ਲਈ ਦ੍ਰਿੜ ਹੈ। ਪ੍ਰਧਾਨ ਮੰਤਰੀ ਨੇ ਆਖਿਆ ਕਿ ਕੈਨੇਡਾ ਤੇ ਯੂਕੇ ਵਰਗੇ ਦੇਸ਼ਾਂ ਤੋਂ ਪਾਬੰਦੀਆਂ ਦੀ ਉਮੀਦ ਤਾਂ ਪੁਤਿਨ ਨੂੰ ਹੋਵੇਗੀ ਹੀ ਪਰ ਜਰਮਨੀ ਵੱਲੋਂ ਗੈਸ ਪਾਈਪਲਾਈਨ ਪ੍ਰੋਜੈਕਟ ਨੌਰਡ ਸਟਰੀਮ ਨੂੰ ਰੱਦ ਕਰਨਾ ਤੇ ਯੂਕਰੇਨ ਨੂੰ ਹਥਿਆਰ ਭੇਜਣ ਦੀ ਗੱਲ ਕਰਨਾ ਅਜਿਹੀਆਂ ਗੱਲਾਂ ਹਨ ਜਿਸ ਨਾਲ ਰੂਸੀ ਸਿਸਟਮ ਹਿੱਲ ਗਿਆ ਹੈ। ਟਰੂਡੋ ਨੇ ਆਖਿਆ ਕਿ ਅਸੀਂ ਸਿਰਫ ਯੂਕਰੇਨ ਦਾ ਸਾਥ ਹੀ ਨਹੀਂ ਦੇ ਰਹੇ ਸਗੋਂ ਜਮਹੂਰੀਅਤ ਦੇ ਸਿਧਾਂਤਾਂ ਲਈ ਖੜ੍ਹੇ ਹਾਂ।



ਮੰਗਲਵਾਰ ਨੂੰ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵੱਲੋਂ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਜਾ ਰਹੇ ਹਮਲਿਆਂ ਨੂੰ ਬੰਦ ਕਰਨ ਦੀ ਮੰਗ ਕੀਤੀ ਗਈ। ਇਸ ਕਦਮ ਦੀ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਵੱਲੋਂ ਸ਼ਲਾਘਾ ਕੀਤੀ ਗਈ। ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ 5 ਵੋਟਾਂ ਦੇ ਮੁਕਾਬਲੇ ਪਈਆਂ 141 ਵੋਟਾਂ ਦਾ ਜ਼ਿਕਰ ਕਰਦਿਆਂ ਜ਼ੈਲੈਂਸਕੀ ਨੇ ਆਖਿਆ ਕਿ ਪੂਰੀ ਦੁਨੀਆ ਸਾਡੇ ਨਾਲ ਹੈ। ਜ਼ਿਕਰਯੋਗ ਹੈ ਕਿ ਇਸ ਵੋਟਿੰਗ ਵਿੱਚ 34 ਦੇਸ਼ਾਂ ਵੱਲੋਂ ਹਿੱਸਾ ਹੀ ਨਹੀਂ ਲਿਆ ਗਿਆ।

ਪੁਤਿਨ ਵੱਲੋਂ ਯੂਕਰੇਨ ਉੱਤੇ ਬੋਲੇ ਗਏ ਧਾਵੇ ਤੋਂ ਬਾਅਦ ਤੋਂ ਹੀ ਲਗਾਤਾਰ ਕੈਨੇਡੀਅਨ ਅਧਿਕਾਰੀਆਂ ਵੱਲੋਂ ਕਦੇ ਫੌਜੀ ਤੇ ਕਦੇ ਮਨੁੱਖਤਾਵਾਦੀ ਮਦਦ ਦਾ ਐਲਾਨ ਕੀਤਾ ਜਾਂਦਾ ਰਿਹਾ ਹੈ। ਕੈਨੇਡਾ ਵੱਲੋਂ ਰੂਸੀ ਬੈਂਕਾਂ ਤੇ ਅਹਿਮ ਹਸਤੀਆਂ ਖਿਲਾਫ ਵਿੱਤੀ ਮਾਪਦੰਡ ਵੀ ਅਪਣਾਏ ਗਏ ਹਨ। ਫੈਡਰਲ ਸਰਕਾਰ ਨੇ ਕੈਨੇਡੀਅਨ ਏਅਰਸਪੇਸ ਤੇ ਪਾਣੀ ਦੇ ਰਾਹ ਵੀ ਰੂਸੀ ਜਹਾਜ਼ਾਂ ਤੇ ਬੇੜਿਆਂ ਦੇ ਕੈਨੇਡਾ ਦਾਖਲ ਹੋਣ ਉੱਤੇ ਰੋਕ ਲਾ ਦਿੱਤੀ ਹੈ। ਇਹ ਸਾਰੇ ਕਦਮ ਹੋਰਨਾਂ ਭਾਈਵਾਲ ਮੁਲਕਾਂ ਨਾਲ ਤਾਲਮੇਲ ਕਰਕੇ ਹੀ ਕੈਨੇਡੀਅਨ ਸਰਕਾਰ ਵੱਲੋਂ ਚੁੱਕੇ ਗਏ ਹਨ।

## ਮਿਸੀਸਾਗਾ ਵਿੱਚ ਚੱਲੀ ਗੋਲੀ, ਇੱਕ ਵਿਅਕਤੀ ਹਲਾਕ

ਮਿਸੀਸਾਗਾ, 2 ਮਾਰਚ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਬੁੱਧਵਾਰ ਸਵੇਰੇ ਗੋਲੀ ਚੱਲਣ ਤੋਂ ਬਾਅਦ ਇੱਕ 20 ਸਾਲਾ ਵਿਅਕਤੀ ਦੀ ਮੌਤ ਹੋ ਗਈ। ਪੀਲ ਪੁਲਿਸ ਨੇ ਦੱਸਿਆ ਕਿ ਇਹ ਘਟਨਾ ਵਿੰਸਟਨ ਚਰਚਿਲ ਬੋਲੀਵੀਆਰਡ ਤੇ ਐਕੁਈਟੇਨ ਐਵਨਿਊ ਦੇ ਨੇੜੇ ਸਵੇਰੇ 5:20 ਉੱਤੇ ਵਾਪਰੀ। ਜਿਸ ਵਿਅਕਤੀ ਨੂੰ ਗੋਲੀ ਲੱਗੀ ਉਹ ਟਾਊਨਹਾਊਸ ਕਾਂਪਲੈਕਸ ਦੇ ਬਾਹਰ ਸੀ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਸਮੇਂ ਕਿਸੇ ਵੀ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।

## ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿੱਚ ਕੀਤਾ 0.5 ਫੀ ਸਦੀ ਵਾਧਾ

ਓਟਵਾ, 2 ਮਾਰਚ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਵਿਆਜ਼ ਦਰਾਂ ਵਿੱਚ ਕੀਤੀ ਗਈ ਭਾਰੀ ਕਟੌਤੀ ਤੋਂ ਬਾਅਦ ਹੁਣ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਵਾਧਾ ਕੀਤਾ ਗਿਆ ਹੈ। ਤਿੰਨ ਦਹਾਕਿਆਂ ਵਿੱਚ ਸੱਭ ਤੋਂ ਉੱਤੇ ਪਹੁੰਚੀ ਮਹਿੰਗਾਈ ਦਰ ਨੂੰ ਕਾਬੂ ਕਰਨ ਲਈ ਬੈਂਕ ਵੱਲੋਂ ਇਨ੍ਹਾਂ ਵਿਆਜ਼ ਦਰਾਂ ਵਿੱਚ 0.5 ਫੀ ਸਦੀ ਦਾ ਵਾਧਾ ਕੀਤਾ ਗਿਆ ਹੈ।




ਬੈਂਕ ਆਫ ਕੈਨੇਡਾ ਵੱਲੋਂ ਇਨ੍ਹਾਂ ਵਿਆਜ਼ ਦਰਾਂ ਵਿੱਚ ਕੀਤੇ ਵਾਧੇ ਤੋਂ ਬਾਅਦ ਰੌਇਲ ਬੈਂਕ ਤੇ ਟੀਡੀ ਵੱਲੋਂ ਵੀ ਆਪਣੇ ਲੈਂਡਿੰਗ ਰੇਟ ਵਿੱਚ ਵਾਧਾ ਕੀਤਾ ਜਾਵੇਗਾ। ਹੋਰਨਾਂ ਬੈਂਕਾਂ ਵੱਲੋਂ ਵੀ ਅਜਿਹਾ ਕੀਤੇ ਜਾਣ ਦੀ ਸੰਭਾਵਨਾ ਹੈ। ਹੋਰ ਬੈਂਕ ਕਰਜ਼ੇ ਦੀ ਕੀਮਤ ਵਿੱਚ ਵਾਧਾ ਕਰ ਸਕਦੇ ਹਨ।

ਵਿਆਜ਼ ਦਰਾਂ ਵਿੱਚ ਵਾਧਾ ਕਰਦਿਆਂ ਬੈਂਕ ਆਫ ਕੈਨੇਡਾ ਨੇ ਆਖਿਆ ਕਿ ਪਹਿਲਾਂ ਅਪਣਾਈ ਗਈ ਸੋਚ ਤੋਂ ਉਲਟ ਨੇੜ ਭਵਿੱਖ ਵਿੱਚ ਮਹਿੰਗਾਈ ਦੇ ਤੇਜ਼ੀ ਨਾਲ ਵਧਣ ਦੀ ਸੰਭਾਵਨਾ ਹੈ। ਸੈਂਟਰਲ ਬੈਂਕ ਵੱਲੋਂ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਵਿਆਜ਼ ਦਰਾਂ ਵਿੱਚ ਇਹ ਵਾਧਾ ਆਖਰੀ ਨਹੀਂ ਹੋਵੇਗਾ। ਅਰਥਸ਼ਾਸਤਰੀਆਂ ਅਨੁਸਾਰ ਇਸ ਸਾਲ ਦੇ ਅੰਤ ਤੋਂ ਪਹਿਲਾਂ ਇਸ ਤਰ੍ਹਾਂ ਦੇ ਕਈ ਹੋਰ ਵਾਧੇ ਹੋ ਸਕਦੇ ਹਨ।

## ਸਿਟੀ ਆਫ ਟੋਰਾਂਟੋ ਦੇ ਮੁਲਾਜ਼ਮਾਂ ਲਈ ਜਾਰੀ ਰਹੇਗੀ ਵੈਕਸੀਨੇਸ਼ਨ ਸਬੰਧੀ ਪਾਲਿਸੀ

ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਕੋਵਿਡ-19 ਪਬਲਿਕ ਹੈਲਥ ਮਾਪਦੰਡਾਂ ਵਿੱਚੋਂ ਪ੍ਰੋਵਿੰਸ ਵੱਲੋਂ ਭਾਵੇਂ ਕਈ ਮਾਪਦੰਡ ਹਟਾਅ ਲਏ ਗਏ ਹਨ ਪਰ ਕਈ ਸਿਟੀਜ਼, ਜਿਨ੍ਹਾਂ ਵਿੱਚ ਟੋਰਾਂਟੋ ਵੀ ਸ਼ਾਮਲ ਹੈ, ਆਪਣੇ ਮੁਲਾਜ਼ਮਾਂ ਲਈ ਵੈਕਸੀਨੇਸ਼ਨ ਪਾਲਿਸੀ ਵਾਲਾ ਨਿਯਮ ਜਾਰੀ ਰੱਖਣਗੀਆਂ।



ਮੇਅਰ ਜੌਹਨ ਟੋਰੀ ਨੇ ਬੁੱਧਵਾਰ ਨੂੰ ਸਵੇਰੇ ਆਖਿਆ ਕਿ ਉਨ੍ਹਾਂ ਵੱਲੋਂ ਵੈਕਸੀਨੇਸ਼ਨ ਸਬੰਧੀ ਨਿਯਮ ਵਿੱਚ ਮੁਲਾਜ਼ਮਾਂ ਨੂੰ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ। ਸਿਟੀ ਦੇ ਜਿਹੜੇ ਮੁਲਾਜ਼ਮ ਘਰ ਤੋਂ ਕੰਮ ਕਰ ਰਹੇ ਹਨ ਉਨ੍ਹਾਂ ਦੇ 21 ਮਾਰਚ ਤੋਂ ਆਫਿਸ ਪਰਤਣ ਦੀ ਸੰਭਾਵਨਾ ਹੈ। ਸਿਟੀ ਵੱਲੋਂ ਸੈਲਫ ਆਈਸੋਲੇਸ਼ਨ ਸਬੰਧੀ ਆਪਣੇ ਨਿਯਮ ਨੂੰ ਵੀ ਖ਼ਤਮ ਕਰ ਦਿੱਤਾ ਗਿਆ ਹੈ।

ਕੁੱਝ ਹੋਰ ਮਿਊਂਸਪੈਲੀਟੀਜ਼ ਵੱਲੋਂ ਵੀ ਸਟਾਫ ਵੈਕਸੀਨੇਸ਼ਨ ਨੀਤੀਆਂ ਨੂੰ ਜਾਰੀ ਰੱਖਿਆ ਜਾਵੇਗਾ, ਇਨ੍ਹਾਂ ਵਿੱਚ ਸਿਟੀ ਆਫ ਮਿਸੀਸਾਗਾ ਤੇ ਯੌਰਕ ਰੀਜਨ ਸ਼ਾਮਲ ਹਨ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com



NATION-WIDE **TALK, TEXT & DATA PLAN**

**$25**/mo.

1 Promenade Circle, Thornhill
379 Main St. North, Brampton
2456 Lake Shore Blvd West, Etobicoke

chatr™
AUTHORIZED DEALER

Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਯੂ ਐੱਨ ਓ ਵਿੱਚ 5 ਦੇ ਮੁਕਾਬਲੇ 141 ਵੋਟਾਂ ਨਾਲ ਰੂਸ ਵਿਰੁੱਧ ਮਤਾ ਪਾਸ

## * ਭਾਰਤ ਸਮੇਤ 35 ਦੇਸ਼ਾਂ ਨੇ ਵੋਟਿੰਗ ਵਿੱਚ ਹਿੱਸਾ ਨਹੀਂ ਲਿਆ * ਰੂਸ ਇਤਿਹਾਸ ਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਿਹੈ : ਜ਼ੇਲੇਂਸਕੀ

ਯੂ ਐੱਨ ਓ, 2 ਮਾਰਚ, (ਪੋਸਟ ਬਿਊਰੋ)- ਯੂਕਰੇਨ ਉੱਤੇ ਹਮਲਾ ਕਰਨ ਦੀ ਨਿੰਦਾ ਕਰਨ ਵਾਲੇ ਮਤੇ ਉੱਤੇ ਯੂ ਐੱਨ ਓ ਦੀ ਜਨਰਲ ਅਸੈਂਬਲੀ ਵਿੱਚ ਬਹਿਸ ਦੇ ਬਾਅਦ ਵੋਟਿੰਗ ਹੋਈ ਤਾਂ ਇਹ ਮਤਾ 141 ਵੋਟਾਂ ਨਾਲ ਪਾਸ ਕਰ ਦਿੱਤਾ ਗਿਆ, ਜਦ ਕਿ 35 ਦੇਸ਼ਾਂ ਨੇ ਵੋਟਿੰਗ ਨਹੀਂ ਕੀਤੀ ਅਤੇ ਸਿਰਫ ਪੰਜ ਦੇਸ਼ਾਂ ਨੇ ਵਿਰੋਧ ਕੀਤਾ ਹੈ।




ਭਾਰਤ ਨੇ ਯੂਕਰੇਨਦੇ ਵਿਰੁੱਧਰੂਸੀ ਹਮਲਿਆਂ ਦੀ ਨਿੰਦਾ ਕਰਨ ਲਈਯੂ ਐੱਨ ਜਨਰਲ ਅਸੈਂਬਲੀ (ਯੂ ਐੱਨਜੀਏ) ਵਿੱਚ ਪੇਸ਼ ਹੋਏਮਤੇ ਲਈ ਵੋਟਿੰਗਵਿੱਚ ਹਿੱਸਾ ਨਹੀਂ ਲਿਆਅਤੇ ਨਿਰਪੱਖਤਾ ਕਾਇਮ ਰੱਖੀ ਹੈ।ਰੂਸ ਅਤੇ ਯੂਕਰੇਨ ਦੀ ਜੰਗ ਦੇ ਤਣਾਅ ਦੇ ਇਸ ਇੱਕ ਹਫ਼ਤੇ ਤੋਂ ਘੱਟ ਸਮੇਂਵਿੱਚਯੂ ਐੱਨ ਵਿੱਚਪੇਸ਼ ਕੀਤੇ ਗਏ ਤੀਸਰੇ ਮਤੇਬਾਰੇ ਭਾਰਤ ਵੋਟਿੰਗ ਤੋਂ ਲਾਂਭੇ ਰਿਹਾ ਹੈ।ਯੂ ਐੱਨ ਦੀ 193 ਮੈਂਬਰੀ ਜਨਰਲ ਅਸੈਂਬਲੀ ਨੇ ਅੱਜ ਬੁੱਧਵਾਰ ਨੂੰਯੂਕਰੇਨ ਦੀ ਪ੍ਰਭੂਸੱਤਾ, ਆਜ਼ਾਦੀ, ਏਕਤਾ ਅਤੇ ਅਖੰਡਤਾ ਲਈ ਆਪਣੀ ਵਚਨਬੱਧਤਾ ਦੀ ਦੁਹਰਾਉਣ ਲਈ ਵੋਟਿੰਗ ਕੀਤੀ ਤੇ ਯੂਕਰੇਨਵਿਰੁੱਧਰੂਸ ਦੇ ਹਮਲੇ ਦੀ ਸਖ਼ਤ ਸ਼ਬਦਾਂਵਿੱਚ ਨਿੰਦਾ ਕੀਤੀ ਹੈ। ਇਸਮਤੇ ਦੇ ਪੱਖਵਿੱਚ 141 ਦੇਸ਼ਾਂ ਨੇ ਵੋਟਾਂ ਪਾਈਆਂ, ਜਦਕਿ 35 ਨੇ ਵੋਟਿੰਗਵਿੱਚ ਹਿੱਸਾ ਨਹੀਂ ਲਿਆ ਅਤੇ ਸਿਰਫ ਪੰਜ ਮੈਂਬਰਾਂ ਨੇ ਵਿਰੋਧ ਕੀਤਾ ਹੈ।

ਯੂ ਐੱਨ ਓਵਿੱਚ ਭਾਰਤ ਦੇ ਸਥਾਈ ਪ੍ਰਤੀਨਿਧ ਟੀਐੱਸ ਤਿਰੁਮੂਰਤੀ ਨੇ ਯੂ ਐੱਨ ਜਨਰਲ ਅਸੈਂਬਲੀਨੂੰ ਕਿਹਾ ਕਿ ਯੂਕਰੇਨਵਿੱਚ ਵਿਗੜਦੇ ਜਾਂਦੇ ਹਾਲਾਤ ਤੋਂ ਭਾਰਤ ਬੇਹੱਦ ਚਿੰਤਤ ਹੈ। ਉਨ੍ਹਾਂ ਕਿਹਾ ਕਿ ਖਾਰਕੀਵਵਿੱਚ ਇਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ ਹੈ, ਅਸੀਂ ਉਨ੍ਹਾਂ ਦੇ ਪਰਿਵਾਰ ਅਤੇ ਇਸ ਸੰਘਰਸ਼ਵਿੱਚ ਆਪਣੀ ਜਾਨ ਗੁਆਉਣ ਵਾਲੇ ਹਰ ਨਾਗਰਿਕ ਦੇ ਪ੍ਰਤੀ ਆਪਣੀ ਡੂੰਘੀਹਮਦਰਦੀ ਪ੍ਰਗਟ ਕਰਦੇ ਹਾਂ।
ਵਰਨਣ ਯੋਗ ਹੈ ਕਿ ਯੂਕਰੇਨ ਦੀ ਰਾਜਧਾਨੀ ਕੀਵ ਉੱਤੇ ਕਬਜ਼ੇ ਦੀ ਜੰਗ ਖਾਸ ਮੋੜ ਉੱਤੇਹੈ ਤੇ 64 ਕਿਲੋਮੀਟਰ ਲੰਬਾ ਰੂਸੀ ਫੌਜ ਦਾ ਕਾਫ਼ਲਾ ਕੀਵ ਦੇ ਬਾਹਰ ਹੈ। ਦੱਖਣ-ਪੂਰਬਤੋਂਇੱਕ ਹੋਰ ਫੌਜੀ ਕਾਫ਼ਲੇ ਦੇ ਏਧਰਵਧਣ ਦੀ ਖ਼ਬਰ ਵੀ ਹੈ।ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕੀਵ ਛੱਡਣ ਜਾਂ ਮਰਨ ਨੂੰ ਤਿਆਰ ਹੋਣ ਦੀ ਚਿਤਾਵਨੀ ਦੇਦਿੱਤੀ ਹੈ।ਯੂਕਰੇਨਵਿੱਚ ਭਾਰਤੀ ਦੂਤਘਰ ਨੇ ਖਾਰਕੀਵਤੋਂ ਆਪਣੇ ਵਿਦਿਆਰਥੀਆਂ ਨੂੰ ਤੁਰੰਤ ਬਾਹਰ ਨਿਕਲਣ ਨੂੰਕਿਹਾ ਹੈ।
ਇਸ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਅੱਜ ਬੁੱਧਵਾਰ ਨੂੰ ਰੂਸੀ ਹਮਲਿਆਂ ਨਾਲ ਦੇਸ਼ ਦੇ ਪਵਿੱਤਰ ਧਾਰਮਿਕ ਸਥਾਨਾਂ ਦੇ ਨੁਕਸਾਨ ਦਾ ਡਰਦੱਸਿਆ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਰੂਸੀ ਫੌਜ 'ਯੂਕਰੇਨਦਾਇਤਿਹਾਸ ਮਿਟਾਉਣ' ਦੇ ਯਤਨ ਕਰ ਰਹੀ ਹੈ। ਫੇਸਬੁੱਕ ਉੱਤੇਪਾਏ ਭਾਸ਼ਣਵਿੱਚ ਜ਼ੇਲੇਂਸਕੀ ਨੇ ਕੀਵਦੇ ਕਤਲੇਆਮ ਦੇ ਸ਼ਿਕਾਰ ਲੋਕਾਂ ਦੀ ਯਾਦਵਿੱਚ ਬਣੇ ਸਥਾਨ 'ਬਾਬੀ ਯਾਰ' ਉੱਤੇ ਹੋਏ ਰੂਸੀ ਹਮਲੇ ਦੀ ਨਿੰਦਾ ਕੀਤੀ ਅਤੇ ਕਿਹਾ ਕਿ "ਇਹ ਮਨੁੱਖਤਾ ਤੋਂ ਪਰੇ ਹਨ, ਏਦਾਂ ਦੇ ਮਿਜ਼ਾਈਲ ਹਮਲੇ ਦਾ ਅਰਥ ਹੈ ਕਿ ਉਹ ਸਾਡੀ ਰਾਜਧਾਨੀ, ਸਾਡੇ ਇਤਿਹਾਸ ਬਾਰੇਕੁਝ ਨਹੀਂ ਜਾਣਦੇ। ਉਨ੍ਹਾਂ ਨੂੰ ਸਾਡੇ ਇਤਿਹਾਸ, ਸਾਡੇ ਦੇਸ਼ ਤੇ ਸਾਨੂੰ ਸਭ ਨੂੰ ਮਿਟਾਉਣ ਦਾ ਹੁਕਮ ਮਿ- ਲਆ ਹੈ।" ਜ਼ੇਲੇਂਸਕੀ ਨੇ ਦੁਨੀਆ ਭਰ ਦੇ ਯੂਕਰੇਨੀ ਅਤੇ ਰੂਸੀ ਆਰਥੋਡਾਕਸ ਵੱਲੋਂ ਪਵਿੱਤਰ ਮੰਨੇ ਜਾਂਦੇ ਕੀਵ ਦੇ ਅਹਿਮ ਸਥਾਨਾਂ ਦੀ ਸੁਰੱਖਿਆਬਾਰੇ ਚਿੰਤਾ ਜਤਾਈ ਤੇਪੁੱਛਿਆ ਕਿ "ਜੇ ਬਾਬੀ ਯਾਰ ਨਹੀਂ ਬਖ਼ਸ਼ਿਆ ਤਾਂ ਅਗੇ ਕੀ ਹੋਵੇਗਾ? ਕਿਹੜੀਆਂ ਫੌਜੀ ਵਸਤਾਂ, ਨਾਟੋ ਦੇ ਟਿਕਾਣੇ ਰੂਸ ਲਈ ਖਤਰਾ ਹਨ? ਸੈਂਟ ਸੋਫੀਆ ਕੈਥੇਡਰਲ, ਲਾਵਰਾ, ਐਂਡਰਿਊ ਚਰਚ ਦਾ ਕੀ ਹੋਵੇਗਾ?"

# ਟੋਰਾਂਟੋ ਦੇ 3 ਸਕੂਲਾਂ ਦੇ ਬਾਹਰ ਕੀਤੀ ਮਿਲੀ ਯਹੂਦੀ ਵਿਰੋਧੀ ਗ੍ਰੈਫਿਟੀ




ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਚੀਫ ਦਾ ਕਹਿਣਾ ਹੈ ਕਿ ਬੁੱਧਵਾਰ ਨੂੰ ਅਧਿਕਾਰੀਆਂ ਨੂੰ ਤਿੰਨ ਸਕੂਲਾਂ ਦੇ ਬਾਹਰ ਯਹੂਦੀ ਵਿਰੋਧੀ ਗ੍ਰੈਫਿਟੀ ਵੇਖੇ ਜਾਣ ਦੀਆਂ ਰਿਪੋਰਟਾਂ ਮਿਲੀਆਂ।

ਪੁਲਿਸ ਅਧਿਕਾਰੀਆਂ ਨੂੰ ਸਵੇਰੇ 8:30 ਤੇ 10:30 ਦਰਮਿਆਨ ਸੈਂਟਰਲ ਟੈਕਨੀਕਲ ਹਾਈ ਸਕੂਲ, ਮੈਲਵਰਨ ਕਾਲਜੀਏਟ ਇੰਸਟੀਚਿਊਟ ਤੇ ਰੋਜ਼ਡੇਲ ਹਾਈਟਸ ਸਕੂਲ ਸੱਦਿਆ ਗਿਆ। ਬੁੱਧਵਾਰ ਦੁਪਹਿਰ ਨੂੰ ਕੀਤੇ ਗਏ ਇੱਕ ਟਵੀਟ ਵਿੱਚ ਚੀਫ ਜੇਮਜ਼ ਰੈਮਰ ਨੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਲਈ ਹੇਟ ਕ੍ਰਾਈਮ ਯੂਨਿਟ ਦੀ ਮਦਦ ਲਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਅਸੀਂ ਆਪਣੀ ਸਿਟੀ ਵਿੱਚ ਇਸ ਤਰ੍ਹਾਂ ਦੇ ਹੇਟ ਕ੍ਰਾਈਮ ਨੂੰ ਨਹੀਂ ਹੋਣ ਦੇ ਸਕਦੇ ਤੇ ਇਸ ਨੂੰ ਰੋਕਣਾ ਸਾਡੀ ਤਰਜੀਹ ਹੈ।
ਇੱਕ ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਤਿੰਨਾਂ ਮਾਮਲਿਆਂ ਵਿੱਚ ਯਹੂਦੀ ਵਿਰੋਧੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ ਬੁਲ- 'ਰੇ ਰਾਇਨ ਬਰਡ ਨੇ ਪੁਸ਼ਟੀ ਕੀਤੀ ਕਿ ਇਹ ਘਟਨਾ ਰਾਤ ਸਮੇਂ ਵਾਪਰੀ।




# ਮੋਦੀ ਨੇ ਪੁਤਿਨ ਨਾਲ ਗੱਲਬਾਤ ਦੌਰਾਨ ਯੂਕਰੇਨ ਵਿੱਚ ਫਸੇ ਭਾਰਤ ਦੇ ਵਿਦਿਆਰਥੀਆਂ ਦਾ ਮੁੱਦਾ ਉਠਾਇਆ

## * ਕੇਂਦਰੀ ਮੰਤਰੀ ਹਰਦੀਪ ਪੁਰੀ ਵਿਦਿਆਰਥੀਆਂ ਨੂੰ ਲੈਣ ਬੁਡਾਪੇਸਟ ਪਹੁੰਚੇ



ਨਵੀਂ ਦਿੱਲੀ, 2 ਮਾਰਚ, (ਪੋਸਟ ਬਿਊਰੋ)- ਯੂਕਰੇਨ ਦੇ ਸ਼ਹਿਰਾਂਵਿੱਚਰੂਸੀ ਫੌਜ ਵੱਲੋਂ ਲਗਾਤਾਰ ਹੁੰਦੀ ਬੰਬਾਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵਾਰ ਫਿਰਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗੱਲਬਾਤ ਕੀਤੀ ਅਤੇ ਇਸ ਦੌਰਾਨ ਦੋਵਾਂ ਨੇ ਹਾਲਾਤ ਦੀ ਸਮੀਖਿਆ ਕੀਤੀ ਤਾਂ ਵਿਸ਼ੇਸ਼ ਰੂਪ ਨਾਲ ਖਾਰਕੀਵ, ਜਿਥੇ ਕਈ ਭਾਰਤੀ ਵਿਦਿਆਰਥੀ ਫਸੇ ਹੋਏ ਹਨ, ਤੋਂ ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਨਿਕਾਸੀਬਾਰੇ ਵੀ ਗੱਲ ਹੋਈ ਹੈ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਕਰੇਨ ਸੰਕਟ ਬਾਰੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਦੋ ਵਾਰੀ ਗੱਲਬਾਤ ਕਰ ਚੁੱਕੇ ਹਨ, ਜਿਸਵਿੱਚ ਉਨ੍ਹਾਂ ਨੇ ਡਿਪਲੋਮੇਸੀ ਰਾਹੀਂ ਮਸਲੇ ਦਾ ਹੱਲ ਕੱਢਣ ਦੀ ਗੱਲ ਕਹੀ ਸੀ।ਉਸ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਯੂਕਰੇਨਵਿੱਚ ਫਸੇ ਭਾਰਤੀਆਂ ਦੇ ਸੇਫ ਪੈਕੇਜ ਦੀ ਗੱਲ ਕੀਤੀ ਸੀ, ਪਰਓਦੋਂ ਹਾਲਾਤ ਅਜੇਏਨੇ ਵਿਗੜੇ ਨਹੀਂ ਸਨ।ਯੂਕਰੇਨ ਤੇ ਰੂਸਦੀ ਜੰਗ ਦੇ ਦੌਰਾਨ ਹਜ਼ਾਰਾਂ ਭਾਰਤੀ ਵਿਦਿਆਰਥੀ ਯੂਕਰੇਨ ਤੇ ਗੁਆਂਢੀ ਦੇਸ਼ਾਂ ਵਿੱਚ ਫਸੇ ਹੋਏ ਹਨ। ਭਾਰਤ ਸਰਕਾਰ ਉਨ੍ਹਾਂ ਨੂੰ ਸੁਰੱਖਿਅਤ ਓਥੋਂ ਕੱਢ ਲਿਆਉਣ ਦੇ ਯਤਨ ਕਰ ਰਹੀ ਹੈ, ਪਰ ਭਾਰਤੀ ਨਾਗਰਿਕ ਸਰਕਾਰ ਦੇ ਯਤਨਾਂ ਤੋਂ ਸੰਤੁਸ਼ਟ ਨਜ਼ਰ ਨਹੀਂ ਆ ਰਹੇ।

ਇਸ ਦੌਰਾਨ ਅੱਜ ਭਾਰਤ ਦੇ ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਜੰਗ ਤੋਂ ਪ੍ਰਭਾਵਿਤ ਯੂਕਰੇਨਵਿੱਚ ਫਸੇ ਭਾਰਤੀ ਨਾਗਰਿਕਾਂ ਨੂੰ ਕੱਢਣ ਵਿੱਚਮਦਦ ਲਈ ਹੰਗਰੀ ਦੀ ਰਾਜਧਾਨੀ ਬੁਡਾਪੇਸਟ ਪਹੁੰਚ ਗਏ ਸਨ। ਉਨ੍ਹਾਂ ਨੇ ਟਵੀਟ ਕੀਤਾ ਹੈ ਕਿ 'ਮੈਨੂੰ ਹੋਟਲ ਗ੍ਰੈਂਡ ਹੰਗੇਰੀਅਨ ਵਿਖੇ ਸਾਡੇ ਵਿਦਿਆਰਥੀਆਂ ਨਾਲ ਗੱਲ ਕਰ ਕੇ ਖ਼ੁਸ਼ੀ ਹੋਈ ਹੈ, ਜੋ ਭਾਰਤੀ ਹਵਾਈ ਫੌਜ ਦੇ ਵਿਸ਼ੇਸ਼ ਜਹਾਜ਼ਵਿੱਚਚੜ੍ਹਨ ਲਈ ਬੁਡਾਪੇਸਟ ਹਵਾਈ ਅੱਡੇ ਉੱਤੇ ਜਾ ਰਹੇ ਸਨ ਅਤੇ ਮੋਦੀ ਸਰਕਾਰ ਯੂਕਰੇਨ ਤੋਂ ਹਰ ਭਾਰਤੀ ਨੌਜਵਾਨ ਨੂੰ ਵਾਪਸ ਲਿਆਏਗੀ।'












## ਅੱਜ ਨਾਮਾ

ਤਕੜੇ ਮੁਲਕ ਨਾ ਜੰਗ ਵਿੱਚ ਜਾਣ ਖਿੱਚੇ,
ਸੁੱਕਣੇ ਪਾਇਆ ਹੈ ਪਿਆ ਸੰਸਾਰ ਬੇਲੀ।
ਅਮਰੀਕਾ-ਰੂਸ ਨੂੰ ਮਾਣ ਆ ਐਟਮਾਂ ਦਾ,
ਸਮਝਦੇ ਕਿਸੇ ਨੂੰ ਨਹੀਂ ਪਾਣੀ ਹਾਰ ਬੇਲੀ।
ਪਹਿਲਾਂ ਕੋਵਿਡ ਨੇ ਮਾਰੀ ਹੈ ਮਾਰ ਵੱਡੀ,
ਅੱਗੋਂ ਮਾਰਨ ਲਈ ਇਹ ਤਿਆਰ ਬੇਲੀ।
ਚੱਲੇ ਐਟਮ ਤਾਂ ਕੋਈ ਨਹੀਂ ਬਚਣ ਲੱਗਾ,
ਮਿਲਣੀ ਕਿਸੇ ਨੂੰ ਜਿੱਤ ਨਹੀਂ ਹਾਰ ਬੇਲੀ।
ਬਾਹਲਾ ਗਰੂਰ ਹੈ ਜੀਹਨੂੰ ਵੀ ਐਟਮਾਂ ਦਾ,
ਸਮਝ ਰਿਹਾ ਹੋਰਨਾਂ ਨੂੰ ਦੇਣੀ ਮਾਤ ਬੇਲੀ।
ਭਸਮਾਸੁਰ ਵਾਂਗ ਉਹ ਮਰੇਗਾ ਆਪ ਨਾਲੇ,
ਕਰਦਾ ਕਤਲ ਕਰਲੂ ਆਤਮਘਾਤ ਬੇਲੀ।

**ਤੀਸ ਮਾਰ ਖਾਂ**

# ਪ੍ਰੋ. ਦਵਿੰਦਰਪਾਲ ਭੁੱਲਰ ਦੀ ਰਿਹਾਈ ਹੁੰਦੀ-ਹੁੰਦੀ ਰਹਿ ਗਈ

### * ਸਜ਼ਾ ਸਮੀਖਿਆ ਬੋਰਡ ਨੇ ਮਨਜ਼ੂਰੀ ਨਹੀਂ ਦਿੱਤੀ * ਰਿਹਾਈ ਰੋਕਣ ਉੱਤੇ ਸੁਖਬੀਰ ਵੱਲੋਂ ਫਿਰ ਕੇਜਰੀਵਾਲ ਦੀ ਨਿਖੇਧੀ

ਚੰਡੀਗੜ੍ਹ, 2 ਮਾਰਚ, (ਪੋਸਟ ਬਿਊਰੋ)- ਬੀਤੇ ਢਾਈ ਦਹਾਕਿਆਂ ਤੋਂ ਜੇਲ੍ਹ ਬੰਦ ਪ੍ਰੋਫੈਸਰ ਦਵਿੰਦਰਪਾਲ ਸਿੰਘਭੁੱਲਰ ਨੂੰ ਲੈ ਕੇ ਕਿਹਾ ਗਿਆਸੀ ਕਿ ਉਸ ਨੂੰ ਅੱਜ ਜੇਲ੍ਹ ਤੋਂ ਛੱਡ ਦਿੱਤਾ ਜਾਵੇਗਾ, ਪਰ ਸ਼ਾਮ ਨੂੰ ਸਜ਼ਾ ਸਮੀਖਿਆ ਬੋਰਡ ਨੇ ਭੁੱਲਰ ਦੀ ਰਿਹਾਈ ਉੱਤੇ ਰੋਕ ਲਾ ਦਿੱਤੀ ਹੈ ਅਤੇ ਅਜੇ ਉਹ ਜੇਲ੍ਹ ਤੋਂ ਨਹੀਂ ਨਿਕਲ ਸਕੇਗਾ।

ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਨੂੰ 1993ਵਿੱਚਦਿੱਲੀਵਿੱਚ ਹੋਏ ਬੰਬ ਧਮਾਕਿਆਂ ਦਾ ਦੋਸ਼ੀ ਮੰਨ ਕੇ ਅਦਾਲਤ ਨੇ ਸਾਲ 2002 ਵਿੱਚ ਮੌਤ ਦੀ ਸਜ਼ਾ ਸੁਣਾਈ ਸੀ। ਇਹ ਧਮਾਕਾ ਉਸ ਵਕਤ ਦੇ ਯੂਥ ਕਾਂਗਰਸ ਦੇ ਪ੍ਰਧਾਨ ਤੇ ਪੰਜਾਬ ਦੇ ਮੰਤਰੀ ਮਨਿੰਦਰਜੀਤ ਸਿੰਘ ਬਿੱਟਾ ਉੱਤੇ ਹੋਇਆ ਸੀ, ਜਿਸ ਵਿਚ ਉਹ ਜ਼ਖਮੀ ਹੋਏ ਤੇ ਉਨ੍ਹਾਂ ਦੇ ਸੁਰੱਖਿਆਕਾਮਿਆਂ ਦੀ ਮੌਤ ਹੋ ਗਈ ਸੀ।ਭੁੱਲਰ ਦੀ ਪਤਨੀ ਨੇ ਫਾਂਸੀ ਦੀ ਸਜ਼ਾਵਿਰੁੱਧਅਰਜ਼ੀਦੇ ਕੇ ਇਸ ਨੂੰ ਉਮਰ ਕੈਦ ਵਿੱਚਬਦਲਣ ਦੀ ਮੰਗ ਕੀਤੀ ਤਾਂ ਅਦਾਲਤ ਨੇ ਜਨਵਰੀ 2014 ਵਿੱਚਭੁੱਲਰ ਦੀ ਫਾਂਸੀ ਦੀ ਸਜ਼ਾਰੋਕ ਦਿੱਤੀ ਸੀ। ਉਸ ਪਿੱਛੋਂ ਭੁੱਲਰ ਨੂੰ ਉਸ ਦੀ ਖਰਾਬ ਹਾਲਤ ਕਾਰਨ ਛੱਡਣ ਦੀ ਮੰਗ ਹੁੰਦੀ ਰਹੀ ਅਤੇ ਅੱਜ ਖਬਰ ਆਈ ਸੀ ਕਿ ਉਸ ਨੂੰ ਸ਼ਾਮ ਤੱਕ ਜੇਲ੍ਹ ਤੋਂ ਛੱਡ ਦਿੱਤਾ ਜਾਵੇਗਾ। ਕੇਸ ਦਾ ਫੈਸਲਾ ਕਰਦੇ ਸਮੇਂ ਸਜ਼ਾ ਸਮੀਖਿਆ ਬੋਰਡ ਨੇ ਇਹ



ਫੈਸਲਾ ਫਿਰ ਰੋਕ ਦਿੱਤਾ ਹੈ।

ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈਰੋਕਣ ਨਾਲ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸਿੱਖ ਵਿਰੋਧੀ ਅਤੇ ਪੰਜਾਬ ਵਿਰੋਧੀ ਚਿਹਰਾ ਨੰਗਾ ਹੋਇਆ ਹੈ, ਅਸੀਂ ਇਸ ਮਾਨਸਿਕਤਾ ਲਈ ਉਨ੍ਹਾਂ ਵੱਲੋਂ ਨਤੀਜੇ ਭੁਗਤਣੇ ਯਕੀਨੀ ਬਣਾਵਾਂਗੇ। ਅੱਜ ਜਾਰੀ ਬਿਆਨਵਿੱਚ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਸ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਤੇ ਵਿਧਾਨ ਸਭਾ ਦੇਆਪੋਜ਼ੀਸ਼ਨ ਆਗੂ ਹਰਪਾਲ ਸਿੰਘ ਚੀਮਾ ਨੂੰ ਪੰਜਾਬੀਆਂ ਨੂੰ ਜਵਾਬ ਦੇਣੇ ਪੈਣਗੇ ਕਿ ਉਨ੍ਹਾਂ ਦੀ ਪਾਰਟੀ ਸਿੱਖ ਤੇ ਪੰਜਾਬੀ ਵਿਰੋਧੀ ਕਿਉਂ ਹੈ? ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਸਾਬਤ ਹੋ ਗਿਆ ਹੈ ਕਿ ਅਕਾਲੀ ਦਲ ਵੱਲੋਂਅਰਵਿੰਦ ਕੇਜਰੀਵਾਲਉੱਤੇ ਲਾਏ ਜਾਂਦੇ ਦੋਸ਼ ਸੱਚੇ ਹਨ।

# ਬੈਲਾਰੂਸ ਵੱਲੋਂ ਦੋਸ਼: ਪੋਲਿਸ਼ ਸੁਰੱਖਿਆਗਾਰਡਾਂ ਨੇ ਕਰੀਬ ਸੌ ਭਾਰਤੀ ਵਿਦਿਆਰਥੀ ਕੁੱਟ ਕੇ ਯੂਕਰੇਨ ਵੱਲ ਪਿੱਛੇ ਮੋੜੇ



ਯੂ ਐੱਨ ਓ, 2 ਮਾਰਚ, (ਪੋਸਟ ਬਿਊਰੋ)- ਬੈਲਾਰੂਸ ਨੇ ਅੱਜ ਬੁੱਧਵਾਰ ਨੂੰ ਦਾਅਵਾ ਕੀਤਾ ਹੈ ਕਿ ਪੋਲਿਸ਼ ਸਰਹੱਦ ਉੱਤੇ ਤਾਇਨਾਤ ਪੋਲੈਂਡ ਦੇ ਸੁਰੱਖਿਆਗਾਰਡਾਂ ਨੇ ਲਗਭਗ 100 ਭਾਰਤੀ ਵਿਦਿਆਰਥੀਆਂ ਦੀ ਕੁੱਟਮਾਰ ਕਰ ਕੇ ਯੂਕਰੇਨ ਨੂੰ ਵਾਪਸ ਭੇਜ ਦਿੱਤਾ ਹੈ, ਜਿਸ ਪਿੱਛੋਂ ਉਨ੍ਹਾਂ ਨੂੰ ਰੋਮਾਨੀਆ ਦੇ ਸ਼ਰਨਾਰਥੀ ਕੈਂਪਵਿੱਚ ਰੱਖਿਆ ਗਿਆ ਹੈ। ਅੱਜ ਏਥੇ ਯੂ ਐੱਨਦੀ ਜਨਰਲ ਅਸੈਂਬਲੀ ਵਿੱਚ ਬੋਲਦੇ ਹੋਏ ਬੇਲਾਰੂਸ ਦੇ ਰਾਜਦੂਤ ਵੈਲੇਨਟਿਨ ਰਾਇਬਾਕੋਵ ਨੇ ਕਿਹਾ ਕਿ ਪੋਲਿਸ਼ ਬਾਰਡਰ ਗਾਰਡਾਂ ਨੇ 26 ਫਰਵਰੀ ਨੂੰ ਲਗਭਗ 100 ਭਾਰਤੀ ਵਿਦਿਆਰਥੀਆਂ ਦੀ ਕੁੱਟਮਾਰ ਕਰ ਕੇ ਯੂਕਰੇਨ ਵਾਪਸ ਭੇਜ ਦਿੱਤਾ, ਜਿਨ੍ਹਾਂ ਨੂੰ ਪਿੱਛੋਂ ਰੋਮਾਨੀਆਦੇ ਸ਼ਰਨਾਰਥੀ ਕੈਂਪਵਿੱਚ ਰੱਖਿਆ ਹੈ।ਦੂਸਰੇ ਪਾਸੇ ਯੂ ਐੱਨ ਓਵਿੱਚਯੂਕਰੇਨ ਦੇ ਰਾਜਦੂਤ ਸਰਗੇਈ ਕਿਸਲਿ-ਸਿਆ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ਵਿੱਚਰੂਸ ਦੀ ਫੌਜੀ ਕਾਰਵਾਈਵਿੱਚ ਇੱਕ ਭਾਰਤੀ ਨਾਗਰਿਕ ਦੀ ਮੌਤਅਤੇ ਇਕ ਚੀਨੀਜ਼ਖਮੀ ਹੋਇਆ ਹੈ। ਕਿਸਲਿਟਸਿਆ ਨੇ ਕਿਹਾ ਕਿ ਯੂਕਰੇਨ ਨੂੰ ਇਸ ਦਾ ਬੇਹੱਦ ਅਫ਼ਸੋਸ ਹੈ ਕਿ ਭਾਰਤ ਦਾ ਵਿਦਿਆਰਥੀ ਖਾਰਕੀਵਵਿੱਚਰੂਸੀ ਫੌਜ ਦੀ ਗੋਲੀ ਨਾਲ ਮਾਰਿਆ ਗਿਆ ਹੈ।

# ਅੰਤਰਰਾਸ਼ਟਰੀ ਅਦਾਲਤ ਯੂਕਰੇਨ-ਰੂਸ ਜੰਗ ਬਾਰੇ ਸੁਣਵਾਈ 7 ਤੇ 8 ਮਾਰਚ ਨੂੰ ਕਰੇਗੀ

### * ਯੂਕਰੇਨ ਵਿੱਚ ਕਰੀਬ 500 ਰੂਸੀ ਫੌਜੀ ਮਾਰੇ ਗਏ, 1597 ਜ਼ਖਮੀ



ਹੇਗ (ਨੀਦਰਲੈਂਡ), 2 ਮਾਰਚ, (ਪੋਸਟ ਬਿਊਰੋ)- ਇੰਟਰਨੈਸ਼ਨਲ ਕੋਰਟ ਆਫ ਜਸਟਿਸ (ਆਈ ਸੀ ਜੇ) ਨੇ ਯੂਕਰੇਨ ਦੀ ਪਹਿਲੀ ਪਟੀਸ਼ਨ ਦਾ ਨੋਟਿਸ ਲਿਆ ਅਤੇ ਰੂਸ ਨੂੰ ਅਦਾਲਤੀ ਹੁਕਮਾਂ ਦੀ ਇਸ ਤਰ੍ਹਾਂ ਪਾਲਣਾ ਕਰਨ ਨੂੰ ਕਿਹਾ ਹੈ ਕਿ ਇਸ ਦਾ ਅਸਲ ਵਿੱਚ ਕੋਈ ਪ੍ਰਭਾਵ ਹੋਵੇ।ਇਸ ਦੇ ਨਾਲ ਯੂਕਰੇਨ-ਰੂਸ ਸੰਕਟ ਮਾਮਲੇ ਵਿੱਚਆਈ ਸੀ ਜੇ ਵੱਲੋਂ 7 ਅਤੇ 8 ਮਾਰਚ ਨੂੰ ਹਾਈਬ੍ਰਿਡ ਫਾਰਮੈਟ ਵਿੱਚ ਸੁਣਵਾਈ ਕਰਨ ਦਾ ਐਲਾਨ ਕੀਤਾ ਗਿਆ ਹੈ।

ਅੱਜ ਏਥੇ ਆਈ ਸੀ ਜੇਦਫਤਰ ਨੇ ਇੱਕਬਿਆਨ ਜਾਰੀ ਕੀਤਾ ਹੈ ਕਿ ਯੂਕਰੇਨਅਤੇਰੂਸਵਿਚਾਲੇ ਨਸਲਕੁਸ਼ੀ ਤੇ ਜੰਗ ਦੇ ਖਿਲਾਫ ਜਨਤਕ ਸੁਣਵਾਈ ਹੇਗ ਦੇ ਪੀਸ ਪੈਲੇਸ ਵਿੱਚਸੋਮਵਾਰ ਤੇ ਮੰਗਲਵਾਰ ਹੋਵੇਗੀ।ਇੰਟਰਨੈਸ਼ਨਲ ਕੋਰਟ ਆਫ ਜਸਟਿਸ ਦੇ ਪ੍ਰਧਾਨ ਨੇ ਰੂਸ ਦੇ ਵਿਦੇਸ਼ ਮੰਤਰੀ ਤੇ ਜੱਜ ਜੋਈ ਡੋਨੋਹੂ ਨੂੰ ਸੰਬੋਧਤ ਕੀਤੇ ਪੱਤਰ ਵਿਚ ਕਿਹਾ ਹੈ ਕਿ ਰੂਸ ਨੂੰ ਉਹ ਵਿਹਾਰ ਕਰਨਾ ਚਾਹੀਦਾ ਹੈ, ਜਿਸ ਨਾਲ ਅਦਾਲਤੀ ਆਦੇਸ਼ ਦਾ ਢੁਕਵਾਂ ਪ੍ਰਭਾਵ ਹੋਵੇ।ਵਰਨਣ ਯੋਗ ਹੈ ਕਿ 26 ਫਰਵਰੀ ਨੂੰ ਯੂਕਰੇਨ ਨੇ ਅਰਜ਼ੀ ਪੇਸ਼ ਕਰ ਕੇ ਰੂਸ ਵੱਲੋਂ ਆਪਣੀ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਤੇ ਆਪਣੇ ਦੇਸ਼ ਵਾਸੀਆਂ ਦੇ ਕਤਲੇਆਮ ਦਾ ਦੋਸ਼ ਲਾਇਆ ਸੀ।

ਦੂਸਰੇ ਪਾਸੇ ਰੂਸ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਨੇ ਅੱਜ ਕਿਹਾ ਕਿ ਯੂਕਰੇਨਵਿੱਚ ਉਸ ਦੇ 498 ਫੌਜੀ ਮਾਰੇ ਗਏ ਤੇ 1597 ਜ਼ਖਮੀ ਹੋਏ ਹਨ। ਮੇਜਰ ਜਨਰਲ ਇਗੋਰ ਕੋਨਾਸ਼ੇਨਕੋਵ ਨੇ ਰੂਸ ਨੂੰ ਬੇਹੱਦ ਨੁਕਸਾਨ ਹੋਣ ਦੀਆਂ ਖ਼ਬਰਾਂ ਨੂੰ ਗਲਤ ਦੱਸ ਕੇ ਜੰਗ ਛਿੜਨ ਪਿੱਛੋਂ ਪਹਿਲੀ ਵਾਰ ਰੂਸੀ ਫੌਜੀਆਂ ਦੇ ਮਾਰੇ ਜਾਣ ਦੀ ਸੂਚਨਾਦਿੱਤੀ ਹੈ। ਕੋਨਾਸ਼ੇਨਕੋਵ ਨੇ ਇਹ ਵੀ ਕਿਹਾ ਕਿ ਯੂਕਰੇਨ ਦੇ 2870 ਤੋਂ ਵੱਧ ਫੌਜੀ ਮਾਰੇ ਗਏ ਤੇ ਕਰੀਬ 3700 ਜ਼ਖਮੀ ਹੋਏ ਅਤੇ 572 ਨੂੰ ਬੰਦੀ ਬਣਾਇਆ ਗਿਆ ਹੈ।ਯੂਕਰੇਨੀ ਅਧਿਕਾਰੀਆਂ ਨੇ ਇਨ੍ਹਾਂ ਅੰਕੜਿਆਂ ਉੱਤੇ ਟਿੱਪਣੀ ਨਹੀਂ ਕੀਤੀ।

# ਰੂਸੀ ਵਿਦੇਸ਼ ਮੰਤਰੀ ਲਾਵਰੋਵ ਵੱਲੋਂ ਵਿਸ਼ਵ ਯੁੱਧ ਤੇ ਮਹਾ ਤਬਾਹੀ ਦੀ ਚਿਤਾਵਨੀ

ਕੀਵ, 2 ਮਾਰਚ, (ਪੋਸਟ ਬਿਊਰੋ)- ਯੂਕਰੇਨ ਦੇ ਦੂਸਰੇ ਵੱਡੇ ਸ਼ਹਿਰ ਖਾਰਕੀਵਵਿੱਚ ਅਸਮਾਨ ਤੋਂ ਅੱਗ ਵਰ੍ਹਦੀ ਅਤੇ ਟੈਂਕਾਂ ਤੋਂ ਨਿਕਲਦੇ ਗੋਲੇ ਕੰਧਾਂ ਚੀਰ ਕੇ ਲੋਕਾਂ ਨੂੰ ਮਾਰ ਰਹੇ ਹਨ। ਹਮਲੇ ਦੇ ਸੱਤਵੇਂ ਦਿਨ ਬੁੱਧਵਾਰ ਨੂੰ ਖਾਰਕੀਵ ਉੱਤੇਰੂਸੀ ਹਮਲੇ ਹੋਰ ਤੇਜ਼ ਹੋ ਗਏ ਅਤੇ ਕਰੂਜ਼ ਮਿਜ਼ਾਈਲਾਂ ਨੇ ਨਗਰ ਕੌਂਸਲ ਦੀ ਇਮਾਰਤ ਤੇ ਹੋਰ ਸਿਵਲ ਆਬਾਦੀ ਵਾਲੇ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ ਹੈ। ਤਾਜ਼ਾ ਹਮਲਿਆਂ ਨਾਲਯੂਕਰੇਨਵਿੱਚ ਦੋ ਹਜ਼ਾਰ ਤੋਂ ਵੱਧ ਲੋਕ ਮਰਨ ਦੀ ਖਬਰ ਹੈ। ਇਸ ਦੌਰਾਨ ਰੂਸੀ ਫ਼ੌਜਾਂ ਨੇ ਅੱਜ ਯੂਕਰੇਨ ਦੇ ਖੇਰਸਾਨ ਸ਼ਹਿਰ ਉੱਤੇ ਕਬਜ਼ਾ ਕਰ ਲਿਆ ਤੇ ਰਾਜਧਾਨੀ ਕੀਵ ਨੂੰ ਘੇਰ ਕੇ ਰੂਸੀ ਫ਼ੌਜੀ ਉਸ ਉੱਤੇ ਹਮਲੇ ਕਰਦੇ ਹੋਏ ਹੋਰ ਨੇੜੇ ਪੁੱਜ ਗਏ ਹਨ।



ਐਟਮੀ ਹਥਿਆਰਾਂ ਨੂੰ ਹਾਈ ਅਲਰਟ ਉੱਤੇ ਕਰਨ ਤੋਂ ਬਾਅਦ ਅੱਜਬੁੱਧਵਾਰਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਤੀਸਰੇ ਵਿਸ਼ਵ ਯੁੱਧ ਦੀ ਚਿਤਾਵਨੀ ਦੇ ਕੇ ਕਿਹਾ ਕਿ ਸੰਸਾਰ ਜੰਗ ਛਿੜੀ ਤਾਂ ਉਸ ਵਿਚ ਐਟਮੀ ਹਥਿਆਰਾਂ ਦੀ ਵਰਤੋਂ ਹੋਣੀ ਯਕੀਨੀ ਹੈ, ਇਸ ਕਾਰਨ ਦੁਨੀਆਵਿੱਚ ਮਹਾ-ਤਬਾਹੀ ਹੋਵੇਗੀ। ਓਧਰ ਅੱਜਐਟਮੀ ਹਥਿਆਰਾਂ ਨਾਲ ਲੈਸ ਰੂਸ ਦੀ ਪਣਡੁੱਬੀ ਬੈਰੇਂਟਸ ਸਾਗਰਵਿੱਚ ਗਸ਼ਤ ਕਰਦੀ ਰਹੀ ਹੈ। ਰਾਸ਼ਟਰਪਤੀ ਪੁਤਿਨ ਦੇ ਹਾਈ ਅਲਰਟ ਆਦੇਸ਼ ਪਿੱਛੋਂਰੂਸ ਦੇ ਐਟਮੀ ਹਥਿਆਰ ਹਮਲੇ ਲਈ ਤਿਆਰ ਹਨਅਤੇਰੂਸ ਨੇ ਯੂਕਰੇਨਵਿੱਚ ਹਥਿਆਰਾਂ ਦੀ ਸਪਲਾਈ ਕਰਦੇ ਨਾਟੋ ਦੇ ਦੇਸ਼ਾਂ ਉੱਤੇ ਹਮਲੇ ਨਾ ਕਰਨ ਦੀ ਗਾਰੰਟੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਹੈ।

ਯੂਕਰੇਨੀ ਨਾਗਰਿਕਾਂ ਨੂੰ ਘਰ ਛੱਡ ਜਾਣ ਦੇ ਸੰਦੇਸ਼ ਦੇਣ ਪਿੱਛੋਂਰੂਸ ਨੇ ਕੱਲ੍ਹ ਮੰਗਲਵਾਰ ਰਾਤ ਰਾਜਧਾਨੀ ਕੀਵ, ਖਾਰਕੀਵ ਅਤੇ ਹੋਰ ਪ੍ਰਮੁੱਖ ਸ਼ਹਿਰਾਂ ਉੱਤੇ ਹਮਲੇ ਤੇਜ਼ ਕਰ ਦਿੱਤੇ ਸਨ। ਪਤਾ ਲੱਗਾ ਹੈ ਕਿ 15 ਲੱਖ ਦੀ ਆਬਾਦੀ ਵਾਲੇ ਖਾਰਕੀਵ ਦੇ ਕੁਝ ਇਲਾਕਿਆਂਵਿੱਚਰੂਸੀ ਪੈਰਾਟਰੂਪਰ ਵੀ ਉਤਰੇ ਤੇ ਉੱਥੇ ਉਨ੍ਹਾਂ ਦੀ ਯੂਕਰੇਨੀ ਫ਼ੌਜੀਆਂ ਨਾਲ ਆਹਮੋ-ਸਾਹਮਣੀ ਲੜਾਈ ਹੋ ਰਹੀ ਹੈ।ਬੀਤੇ 24 ਘੰਟਿਆਂਵਿੱਚ ਖਾਰਕੀਵਵਿੱਚ 21 ਲੋਕ ਮਰਨਅਤੇ 112 ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਮਾਰੀਪੋਲ ਸ਼ਹਿਰ ਵਿੱਚ ਵੀ ਲੜਾਈ ਤੇਜ਼ ਹੋਣ ਦੀ ਖ਼ਬਰ ਹੈ।






# ਪੱਛਮੀ ਬੰਗਾਲ ਸ਼ਹਿਰੀ ਚੋਣਾਂ: ਤ੍ਰਿਣਮੂਲ ਕਾਂਗਰਸ ਦੀ 108 ਵਿਚੋਂ 103 ਨਗਰ ਨਿਗਮਾਂ ਉੱਤੇ ਜਿੱਤ

### * ਭਾਜਪਾ ਤੇ ਕਾਂਗਰਸ ਦੇ ਹੱਥ ਖਾਲੀ, ਖੱਬੇ ਇੱਕ ਥਾਂ ਜਿੱਤੇ

ਕੋਲਕਾਤਾ, 2 ਮਾਰਚ, (ਪੋਸਟ ਬਿਊਰੋ)- ਪੱਛਮੀ ਬੰਗਾਲ ਨਗਰ ਨਿਗਮ ਚੋਣਾਂਵਿੱਚ ਅੱਜਬੁੱਧਵਾਰਮੁੱਖ ਮੰਤਰੀ ਮਮਤਾ ਬੈਨਰਜੀ ਦੀ ਸੱਤਾਧਾਰੀ ਪਾਰਟੀਤ੍ਰਿਣਮੂਲ ਕਾਂਗਰਸ ਨੇ 108 ਨਗਰ ਨਿਗਮਾਂਵਿੱਚੋਂ 103ਜਿੱਤਲਈਆਂ ਤੇਬਾਕੀ ਸਭ ਵਿਰੋਧੀ ਪਾਰਟੀਆਂ ਨੂੰ ਕਰਾਰੀ ਮਾਤ ਦਿੱਤੀ ਹੈ।ਇਨ੍ਹਾਂ ਚੋਣਾਂ ਲਈ ਵੋਟਾਂ 27 ਫਰਵਰੀ ਨੂੰ ਪਈਆਂ ਸਨ।

ਬੀਤੇ ਸਾਲ ਵਿਧਾਨ ਸਭਾ ਚੋਣਾਂਵਿੱਚ 77 ਸੀਟਾਂ ਜਿੱਤਣ ਮਗਰੋਂਪੱਛਮੀ ਬੰਗਾਲਵਿੱਚਮੁੱਖ ਵਿਰੋਧੀ ਧਿਰ ਬਣ ਕੇ ਉੱਭਰੀ ਭਾਜਪਾਅਤੇਕਾਂਗਰਸ ਵੀ ਕੋਈ ਨਗਰ ਨਿਗਮ ਨਹੀਂ ਜਿੱਤ ਸਕੀਆਂ, ਪਰ ਦੋਵਾਂ ਨੂੰ ਕੁਝ ਸ਼ਹਿਰਾਂਦੇ ਵਾਰਡਾਂਦੀਜਿੱਤਮਿਲੀ ਹੈ।ਸੀ ਪੀ ਐੱਮ ਦੀ ਅਗਵਾਈ ਵਾਲੇ ਖੱਬੇ ਪੱਖੀ ਮੋਰਚੇ ਨੇ ਨਾਦਿਆ ਜ਼ਿਲੇ ਦੀ ਤਾਹਿਰਪੁਰ ਨਗਰ ਨਿਗਮਜਿੱਤਲਈ ਹੈ। ਇਸ ਤੋਂ ਵੱਖਰੀ ਖਬਰ ਹੈ ਕਿ ਉੱਤਰ ਬੰਗਾਲ ਦੀਆਂ ਪਹਾੜਾਂ ਦੀ ਰਾਜਨੀਤੀਵਿੱਚ ਨਵੀਂ ਉੱਭਰੀ 'ਹਮਰੋ ਪਾਰਟੀ' ਨੇ ਤ੍ਰਿਣਮੂਲ ਕਾਂਗਰਸ, ਗੋਰਖਾ ਜਨਮੁਕਤੀ ਮੋਰਚਾ ਤੇ ਭਾਜਪਾ ਨੂੰ ਪਛਾੜ ਕੇ ਦਾਰਜੀਲਿੰਗ ਨਗਰ ਨਿਗਮ ਉੱਤੇ ਕਬਜ਼ਾ ਕਰ ਲਿਆ ਹੈ। ਨਗਰ



ਨਿਗਮ ਚੋਣਾਂਵਿੱਚਇਸ ਰਾਜ ਦੇ ਵੱਖ-ਵੱਖ ਹਿੱਸਿਆਂ ਤੋਂ ਹਿੰਸਾ, ਧਾਂਦਲੀ ਤੇ ਪੁਲਸ ਨਾਲ ਝੜਪਦੀਆਂ ਖਬਰਾਂ ਆਈਆਂ ਸਨ। ਭਾਜਪਾ ਨੇ ਇਸ ਚੋਣ ਪ੍ਰਕਿਰਿਆ ਨੂੰ ਲੋਕਤੰਤਰ ਦਾ ਮਜ਼ਾਕ ਕਹਿ ਕੇ ਹਿੰਸਾ ਖਿਲਾਫ ਸੋਮਵਾਰ ਨੂੰ 12 ਘੰਟੇ ਦੇ ਬੰਦ ਦਾ ਸੱਦਾ ਦਿੱਤਾ ਸੀ।ਤ੍ਰਿਣਮੂਲ ਕਾਂਗਰਸ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸ ਕੇ ਰੱਦ ਕੀਤਾ ਤੇ ਕਿਹਾ ਸੀ ਕਿ ਵਿਰੋਧੀ ਪਾਰਟੀਆਂ ਹਾਰ ਦਾ ਅਹਿਸਾਸ ਹੋਣ ਤੋਂ ਬਾਅਦ ਬਹਾਨੇ ਲੱਭ ਰਹੀਆਂ ਹਨ।













ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh,
Office Admin: Sajandeep Singh
Graphic Designer: Angrez Singh
Photographer: Kanwaljit Singh Kanwal
Distributer Marketing: Aman Warraich, Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਜਾਨਵਰ ਵੀ ਇਸ ਧਰਤੀ ਦੇ ਵਾਸੀ ਹਨ



-ਵਿਜੇ ਗਰਗ-

ਕੜਾਕੇ ਦੀ ਠੰਢ ਹੈ, ਉਪਰੋਂ ਮੀਂਹ ਪੈ ਰਿਹਾ ਹੈ। ਹਰ ਪਾਸੇ ਸੀਲ ਅਤੇ ਨਮੀ। ਘਰ ਰਹਿੰਦਿਆਂ ਵੀ ਕੰਬਦਾ। ਕਈ ਦਿਨਾਂ ਦੀ ਕੰਬਣੀ ਅਤੇ ਹਾਹਾਹਾਹਾ ਖਾਣ ਤੋਂ ਬਾਅਦ ਜਦੋਂ ਸੂਰਜ ਦਿਖਾਈ ਦਿੱਤਾ ਤਾਂ ਕੁਝ ਰਾਹਤ ਮਿਲੀ। ਹੇਠਾਂ ਉਤਰ ਕੇ ਪਾਰਕ ਵੱਲ ਚੱਲ ਪਿਆ। ਘਾਹ ਅਜੇ ਥੋੜਾ ਗਿੱਲਾ ਸੀ। ਰੁੱਖਾਂ ਦੇ ਪੱਤਿਆਂ ਵਿੱਚੋਂ ਤੁਪਕੇ ਟਪਕ ਰਹੇ ਸਨ। ਪਰ ਸੂਰਜ ਬਹੁਤ ਵਧੀਆ ਲੱਗ ਰਿਹਾ ਸੀ। ਉਥੇ ਮੇਰੇ ਵਰਗੇ ਹੋਰ ਵੀ ਕਈ ਲੋਕ ਸਨ। ਇੱਕ ਔਰਤ ਮਟਰ ਛਿੱਲ ਰਹੀ ਸੀ। ਇੱਕ ਦੇ ਹੱਥ ਵਿੱਚ ਸੂਈ ਅਤੇ ਉੱਨ ਸੀ, ਜਦੋਂ ਕਿ ਅੱਜਕੱਲ੍ਹ ਬਹੁਤ ਘੱਟ ਔਰਤਾਂ ਸਵੈਟਰ ਬੁਣਦੀਆਂ ਨਜ਼ਰ ਆਉਂਦੀਆਂ ਹਨ। ਕਈ ਲੋਕ ਮੋਬਾਈਲ 'ਤੇ ਰੁੱਝੇ ਹੋਏ ਸਨ।

ਅੱਗੇ ਵਧਿਆ ਤਾਂ ਕੋਨੇ ਵਿੱਚ ਇੱਕ ਚਿੱਟੀ-ਕਾਲੀ ਬਿੱਲੀ ਸਾਡੀ ਮੌਜੂਦਗੀ ਤੋਂ ਅਣਜਾਣ ਸੁੱਤੀ ਪਈ ਦਿਖਾਈ ਦਿੱਤੀ। ਉਸ ਨੂੰ ਵੀ ਸੂਰਜ ਦੇ ਨਿੱਘ ਦੀ ਲੋੜ ਸੀ। ਸਾਡੇ ਵਾਂਗ ਉਸ ਕੋਲ ਕੋਈ ਛੱਤ ਨਹੀਂ ਸੀ, ਕੋਈ ਰਜਾਈ ਤੇ ਕੰਬਲ ਨਹੀਂ ਸੀ, ਠੰਢ ਤੋਂ ਬਚਾਉਣ ਲਈ ਕੋਈ ਹੀਟਰ ਨਹੀਂ ਸੀ। ਉਸਦੀ ਪੂਛ ਹੌਲੀ-ਹੌਲੀ ਹਿੱਲ ਰਹੀ ਸੀ। ਮੁੱਛਾਂ ਵੀ ਕਦੇ-ਕਦੇ ਮਰੋੜਦੀਆਂ। ਫਿਰ ਉਹ ਲੱਕ ਵਿੱਚ ਸਿਰ ਰੱਖਦੀ ਸੀ।

ਮੈਂ ਕਾਫੀ ਦੇਰ ਤੱਕ ਉਸ ਵੱਲ ਦੇਖਦਾ ਰਿਹਾ। ਉਸ ਨੂੰ ਬੁਲਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਆਪਣੀ ਸੱਜੀ ਅੱਖ ਅੱਧੀ ਖੋਲ੍ਹ ਕੇ ਉਸ ਵੱਲ ਦੇਖਿਆ, ਜਿਵੇਂ ਪੁੱਛ ਰਿਹਾ ਹੋਵੇ ਕਿ ਤੁਸੀਂ ਕਿਉਂ ਪਰੇਸ਼ਾਨ ਹੋ। ਸੂਰਜ ਬਾਬਾ ਨੂੰ ਬੜੀ ਮੁਸ਼ਕਲ ਨਾਲ ਦੇਖਿਆ ਹੈ, ਉਸਨੂੰ ਸੌਣ ਦਿਓ। ਮੈਂ ਸੋਚਾਂ ਵਿੱਚ ਪੈ ਗਿਆ। ਕੀ ਪਤਾ ਉਸ ਦੇ ਬੱਚੇ ਵੀ ਆਲੇ-ਦੁਆਲੇ ਹਨ? ਪਰ ਜੇ ਹੁੰਦਾ ਤਾਂ ਇੱਥੇ ਕਿਉਂ ਹੁੰਦਾ, ਉਨ੍ਹਾਂ ਨੂੰ ਇਕੱਲਾ ਛੱਡ ਕੇ। ਪਰ ਇਹ ਵੀ ਸੰਭਵ ਹੈ ਕਿ ਵੱਡੇ ਹੋ ਕੇ, ਉਹ ਸਾਡੇ ਬੱਚਿਆਂ ਵਾਂਗ ਆਪਣੇ ਤਰੀਕੇ ਨਾਲ ਚਲੇ ਗਏ ਹਨ.

ਦੱਸਿਆ ਜਾਂਦਾ ਹੈ ਕਿ ਇੱਕ ਉਮਰ ਤੋਂ ਬਾਅਦ ਉਨ੍ਹਾਂ ਦੀ ਯਾਦਦਾਸ਼ਤ ਸੈੱਲ ਨਸ਼ਟ ਹੋ ਜਾਂਦੇ ਹਨ ਅਤੇ ਉਹ ਆਪਣੇ ਮਾਤਾ-ਪਿਤਾ ਨੂੰ ਵੀ ਭੁੱਲ ਜਾਂਦੇ ਹਨ। ਮਾਂ ਨਾਲ ਰਿਸ਼ਤਾ ਉਦੋਂ ਤੱਕ ਕਾਇਮ ਰਹਿੰਦਾ ਹੈ ਜਦੋਂ ਤੱਕ ਉਹ ਉਨ੍ਹਾਂ ਦੀ ਦੇਖਭਾਲ ਕਰਦੀ ਹੈ ਅਤੇ ਉਹ ਵੱਡੇ ਨਹੀਂ ਹੁੰਦੇ। ਇਨਸਾਨਾਂ ਵਿੱਚ ਯਾਦਦਾਸ਼ਤ ਸੈੱਲ ਨਸ਼ਟ ਨਹੀਂ ਹੁੰਦੇ ਪਰ ਕਈ ਵਾਰ ਬੱਚੇ ਆਪਣੇ ਮਾਤਾ-ਪਿਤਾ ਨੂੰ ਵੀ ਭੁੱਲ ਜਾਂਦੇ ਹਨ। ਅਜਿਹੀਆਂ ਦਿਲ ਟੁੰਬਣ ਵਾਲੀਆਂ ਕਹਾਣੀਆਂ ਬਿਰਧ ਆਸ਼ਰਮਾਂ ਵਿੱਚ ਰਹਿ ਰਹੇ ਜਾਂ ਇਕੱਲੇ ਰਹਿ ਗਏ ਬਜ਼ੁਰਗਾਂ ਤੋਂ ਸੁਣਨ ਨੂੰ ਮਿਲਦੀਆਂ ਹਨ।

ਖੈਰ, ਬਿੱਲੀ ਤੋਂ ਮੂੰਹ ਮੋੜ ਕੇ ਮੈਂ ਬੈਂਚ 'ਤੇ ਬੈਠ ਗਿਆ। ਪਰ ਉਸ ਨੇ ਉਸ 'ਤੇ ਨਜ਼ਰ ਰੱਖੀ. ਉਦੋਂ ਇੱਕ ਨੌਜਵਾਨ ਉੱਥੇ ਆਇਆ। ਉਸ ਦੇ ਹੱਥ ਵਿਚ ਕ੍ਰਿਕਟ ਦੀ ਗੇਂਦ ਸੀ। ਉਹ ਇਧਰ ਉਧਰ ਉਛਾਲ ਕੇ ਖੇਡਦਾ ਰਿਹਾ। ਬੈਠੇ ਲੋਕਾਂ ਨੂੰ ਡਰ ਸੀ ਕਿ ਕਿਤੇ ਗੇਂਦ ਉਨ੍ਹਾਂ ਨੂੰ ਲੱਗ ਜਾਵੇ ਅਤੇ ਉਹ ਜ਼ਖ਼ਮੀ ਹੋ ਜਾਣ। ਫਿਰ ਪਤਾ ਨਹੀਂ ਕੀ ਲੱਗਾ ਕਿ ਉਸ ਨੇ ਪਾਰਕ ਵਿਚ ਪਈ ਇੱਟ ਦਾ ਟੁਕੜਾ ਚੁੱਕ ਕੇ ਬਿੱਲੀ 'ਤੇ ਮਾਰਿਆ। ਉਹ ਉੱਠ ਕੇ ਭੱਜ ਗਈ। ਬਿੱਲੀ ਨੂੰ ਜ਼ਰੂਰ ਸੱਟ ਲੱਗੀ ਹੋਵੇਗੀ, ਪਰ ਉਹ ਕਿਸੇ ਨੂੰ ਸ਼ਿਕਾਇਤ ਨਹੀਂ ਕਰ ਸਕਦੀ ਸੀ।

ਅਜਿਹਾ ਕਰਨ ਲਈ ਕਿਸੇ ਨੇ ਉਸ ਨੌਜਵਾਨ ਨੂੰ ਝਿੜਕਿਆ ਨਹੀਂ। ਮੇਰੇ ਕੋਲ ਵੀ ਨਹੀਂ ਹੈ। ਕਿਉਂਕਿ ਅੱਜਕੱਲ੍ਹ ਤੁਸੀਂ ਕਿਸੇ ਦੇ ਬੱਚੇ ਨੂੰ ਕੁਝ ਨਹੀਂ ਕਹਿ ਸਕਦੇ ਭਾਵੇਂ ਤੁਸੀਂ ਗਲਤ ਕਰਦੇ ਹੋ. ਮਾਪੇ ਲੜਨ ਲਈ ਆਉਂਦੇ ਹਨ ਅਤੇ ਕਈ ਵਾਰ ਖ਼ੂਨੀ ਯੁੱਧ ਸ਼ੁਰੂ ਹੋ ਜਾਂਦੇ ਹਨ। ਲੋਕ ਰਾਹ ਵਿੱਚ ਸੌਂਦੇ ਕੁੱਤਿਆਂ ਨਾਲ ਵੀ ਅਜਿਹਾ ਹੀ ਕਰਦੇ ਜਾਂਦੇ ਹਨ। ਉਹ ਸੁੱਤੇ ਹੋਏ ਕੁੱਤਿਆਂ ਨੂੰ ਉੱਚੀ-ਉੱਚੀ ਲੱਤ ਮਾਰਦੇ ਹਨ ਅਤੇ ਹੱਸਦੇ ਹੋਏ ਚਲੇ ਜਾਂਦੇ ਹਨ। ਤੈਨੂੰ ਕੁਝ ਨਾ ਕਹਿਣ ਵਾਲੇ ਜਾਨਵਰ ਦੇ ਜ਼ੁਲਮ ਦੀ ਗੱਲ ਸਾਡੇ ਦਿਲਾਂ ਵਿੱਚ ਕਿਉਂ ਆਉਂਦੀ ਹੈ, ਮੈਂ ਅੱਜ ਤੱਕ ਸਮਝ ਨਹੀਂ ਸਕਿਆ। ਆਖ਼ਰ ਸੂਰਜ ਵਿੱਚ ਸੁੱਤੀ ਪਈ ਬਿੱਲੀ ਨੇ ਉਸ ਕਿਸ਼ੋਰ ਨੂੰ ਕੀ ਦੱਸਿਆ, ਉਸ ਦਾ ਕੀ ਕਸੂਰ ਸੀ, ਪਰ ਉਸ ਨੇ ਉਸ 'ਤੇ ਹਮਲਾ ਕਰਨ ਤੋਂ ਗੁਰੇਜ਼ ਨਹੀਂ ਕੀਤਾ। ਕੀ ਤੁਸੀਂ ਜਾਣਦੇ ਹੋ ਜੇਕਰ ਕ੍ਰਿਕੇਟ ਦੀ ਗੇਂਦ ਨਾਲ ਟਕਰਾਈ ਜਾਂਦੀ ਤਾਂ ਬਿੱਲੀ ਇੰਨੀ ਜ਼ਖਮੀ ਹੋ ਜਾਂਦੀ ਕਿ ਉਸਦੀ ਮੌਤ ਹੋ ਜਾਂਦੀ।

ਜੀਵ ਇਸ ਧਰਤੀ ਦੇ ਜਿੰਨੇ ਵਸਨੀਕ ਹਨ, ਓਨੇ ਹੀ ਹਨ। ਉਨ੍ਹਾਂ ਨੂੰ ਇਸ 'ਤੇ ਜਿਉਣ ਅਤੇ ਜਿਉਂਦੇ ਰਹਿਣ ਦਾ ਉਹੀ ਅਧਿਕਾਰ ਕਿਉਂ ਨਹੀਂ ਹੈ ਜਿੰਨਾ ਅਸੀਂ ਕਰਦੇ ਹਾਂ। ਇਸ ਮਨੁੱਖਤਾਵਾਦੀ ਸਿਆਸਤ ਨੇ ਕਿ ਜੋ ਕੁਝ ਵੀ ਹੈ, ਸਿਰਫ਼ ਸਾਡੇ ਲਈ ਹੈ, ਨੇ ਪਸ਼ੂਆਂ ਦਾ ਜਿਊਣਾ ਔਖਾ ਬਣਾ ਦਿੱਤਾ ਹੈ। ਜੇ ਜਾਨਵਰ ਆਪਣੇ ਆਪ 'ਤੇ ਮਨੁੱਖ ਦੁਆਰਾ ਕੀਤੇ ਗਏ ਜ਼ੁਲਮ ਨੂੰ ਕਹਿ ਸਕਦੇ ਤਾਂ ਸਾਨੂੰ ਪਤਾ ਹੁੰਦਾ ਕਿ ਅਸੀਂ ਬਿਨਾਂ ਸ਼ਰਮ ਕੀਤੇ ਉਨ੍ਹਾਂ 'ਤੇ ਕਿੰਨੇ ਜ਼ੁਲਮ ਕੀਤੇ ਹਨ। ਬੇਵਜ੍ਹਾ ਉਨ੍ਹਾਂ ਨੂੰ ਬਹੁਤ ਤਸੀਹੇ ਦਿੱਤੇ ਗਏ ਹਨ, ਉਨ੍ਹਾਂ ਨੇ ਉਨ੍ਹਾਂ ਦੇ ਹੱਕਾਂ ਦੀਆਂ ਚੀਜ਼ਾਂ ਨੂੰ ਹੜੱਪ ਲਿਆ ਹੈ ਜਾਂ ਬਰਬਾਦ ਕੀਤਾ ਹੈ।

ਅਸੀਂ ਮੰਗਲ, ਜੁਪੀਟਰ, ਸ਼ਨੀ, ਬੁਧ ਆਦਿ ਗ੍ਰਹਿਆਂ 'ਤੇ ਅਰਬਾਂ ਰੁਪਏ ਖਰਚ ਕੇ ਪੁਲਾੜ ਜਹਾਜ਼ ਭੇਜਦੇ ਹਾਂ। ਅਤੇ ਉੱਥੇ ਜੀਵਨ ਦੀ ਭਾਲ ਕਰੋ। ਮੈਂ ਚਾਹੁੰਦਾ ਹਾਂ, ਜੇ ਹੋਰ ਕੁਝ ਨਹੀਂ, ਤਾਂ ਇੱਕ ਵਾਇਰਸ ਲੱਭਿਆ ਜਾਵੇਗਾ. ਅਤੇ ਮਨੁੱਖ ਤੋਂ ਇਲਾਵਾ ਇਸ ਧਰਤੀ ਦੇ ਸਾਰੇ ਜੀਵ ਉਨ੍ਹਾਂ ਨੂੰ ਆਪਣਾ ਸੇਵਕ ਅਤੇ ਗੁਲਾਮ ਸਮਝਦੇ ਹਨ। ਉਹ ਉਦੋਂ ਤੱਕ ਚੰਗੇ ਲੱਗਦੇ ਹਨ ਜਦੋਂ ਤੱਕ ਉਹ ਲਾਭਦਾਇਕ ਹਨ. ਨਹੀਂ ਤਾਂ ਉਸਦੀ ਜਾਨ ਸਾਡੀ ਮੁੱਠੀ ਵਿੱਚ ਰਹਿੰਦੀ ਹੈ। ਚਾਹੇ ਗਰਦਨ ਮਰੋੜੋ, ਮਾਰੋ, ਸੱਟ ਮਾਰੋ। ਆਖ਼ਰਕਾਰ, ਅਸੀਂ ਕੌਣ ਹਾਂ, ਜਾਨਵਰਾਂ ਨੂੰ ਸਤਾਉਣ ਵਾਲੇ? ਪਰ ਉਸਦੀ ਤਾਕਤ ਅਤੇ ਅਕਲ ਦਾ ਹੰਕਾਰ ਇੰਨਾ ਜ਼ਿਆਦਾ ਹੈ ਕਿ ਉਹ ਕਮਜ਼ੋਰਾਂ ਨੂੰ ਸਤਾਉਣ ਵਿੱਚ ਹੀ ਬਹਾਦਰੀ ਸਮਝਦਾ ਹੈ। ਦੂਜੇ ਜੀਵਾਂ ਪ੍ਰਤੀ ਦਇਆ ਦੀ ਭਾਵਨਾ ਖਤਮ ਹੋ ਗਈ ਹੈ।

# ਹਲਕਾ ਫੁਲਕਾ

ਹੋਟਲ ਦਾ ਮੈਨੇਜਰ, ''ਦੱਸੋ ਸਾਹਿਬ, ਰਾਤ ਕਿਵੇਂ ਗੁਜ਼ਰੀ?''
ਯਾਤਰੀ, ''ਬਹੁਤ ਵਧੀਆ। ਤੁਹਾਡੇ ਹੋਟਲ ਵਿੱਚ ਮੱਛਰ ਇੰਨੇ ਤਕੜੇ ਹਨ ਕਿ ਮੈਨੂੰ ਮੰਜੇ ਤੋਂ ਉਡਾ ਕੇ ਲੈ ਜਾਂਦੇ, ਪਰ ਤੁਹਾਡੇ ਮੰਜੇ ਦੇ ਖਟਮਲ ਵੀ ਘੱਟ ਸ਼ਕਤੀਸ਼ਾਲੀ ਨਹੀਂ, ਉਨ੍ਹਾਂ ਨੇ ਮੈਨੂੰ ਮਜ਼ਬੂਤੀ ਨਾਲ ਫੜੀ ਰੱਖਿਆ ਸੀ।''

********

ਅਧਿਆਪਕ, ''ਸ਼ੰਟੀ, ਸੁਣਿਆ ਹੈ ਕਿ ਤੂੰ ਮੇਰੇ ਪੀਰੀਅਡ ਵਿੱਚ ਬਹੁਤ ਗੱਲਾਂ ਕਰਦਾ ਏਂ?''
ਸ਼ੰਟੀ, ''ਮਾਸਟਰ ਜੀ ਇਹ ਕਿਵੇਂ ਹੋ ਸਕਦਾ ਹੈ, ਭਲਾ ਮੈਂ ਸੌਂਦੇ ਸਮੇਂ ਗੱਲਾਂ ਕਿਵੇਂ ਕਰ ਸਕਦਾ ਹਾਂ?''

********

ਨਰੇਸ਼, ''ਸਤੀਸ਼, ਤੂੰ ਕਿੱਥੇ ਭੱਜੀ ਜਾ ਰਿਹਾ ਏਂ?''
ਸਤੀਸ਼, ''ਮੈਂ ਬਹੁਤ ਜ਼ੋਰ ਨਾਲ ਚੀਕਿਆ ਸੀ, ਦੇਖਣ ਜਾ ਰਿਹਾ ਹਾਂ ਕਿ ਆਵਾਜ਼ ਕਿੰਨੀ ਦੂਰ ਤੱਕ ਪਹੁੰਚੀ ਹੈ।''

********

ਕਿਸੇ ਲੇਖਕ ਤੋਂ ਪੁੱਛਿਆ ਗਿਆ, ''ਤੁਹਾਡੀਆਂ ਰਚਨਾਵਾਂ ਦੇ ਪਾਠਕ ਕਿੰਨੇ ਕੁ ਹਨ?''
''ਇੱਕ।'' ਲੇਖਕ ਨੇ ਕਿਹਾ।
''ਉਹ ਕੌਣ?''
''ਟਾਈਪਿਸਟ।'' ਲੇਖਕ ਨੇ ਉੱਤਰ ਦਿੱਤਾ।

# ਕਹਾਣੀ

# ਮਾਸਕ

-ਊਮਾ ਮਹਾਜਨ

ਉਹ ਸ਼ਮਸ਼ਾਨਘਾਟ ਦੀ ਬੈਂਚ ਉੱਤੇ ਧੂ-ਧੂ ਕਰ ਕੇ ਬਲਦੀ ਪਤਨੀ ਦੀ ਚਿਤਾ ਉੱਤੇ ਟਿਕਟਕੀ ਲਾਈ ਦੇਖ ਰਹੇ ਸਨ। ਵੈਸੇ ਤਾਂ ਪ੍ਰਾਣਹੀਣ ਤਾਂ ਉਹ ਲਗਭਗ 10 ਸਾਲ ਪਹਿਲਾਂ ਹੋ ਗਈ ਸੀ। ਨਾ ਦੇਖ ਸਕਣਾ, ਨਾ ਤੁਰ ਸਕਣਾ, ਨਾ ਢੰਗ ਨਾਲ ਸੁਣ ਸਕਣਾ ਤੇ ਪਿਛਲੇ ਤਿੰਨ ਸਾਲਾਂ ਤੋਂ ਆਵਾਜ਼ ਵੀ ਲੜਖੜਾਉਣ ਲੱਗੀ ਸੀ। ਇਸ ਦੇ ਨਾਲ ਉਸ ਦਾ ਪਿਛਲੇ ਸੱਤ ਦਹਾਕਿਆਂ ਦਾ ਵਿਆਹੁਤਾ ਜੀਵਨ ਦਾ ਸਾਥ ਜੁੜਿਆ ਸੀ। ਸਿਰਫ ਸੋਲ੍ਹਾਂ ਸਾਲ ਦੀ ਸੀ ਉਹ, ਜਦ ਵਿਆਹ ਕਰ ਕੇ ਉਨ੍ਹਾਂ ਨਾਲ ਆਈ ਸੀ। ਉਹ ਖੁਦ ਵੀਹ ਸਾਲ ਦੇ ਸਨ। ਤਦ ਤੋਂ ਅੱਜ ਤੱਕ ਉਹ ਉਨ੍ਹਾਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਗ੍ਰਹਿਸਥੀ ਦਾ ਭਾਰ ਢੋਂਦੀ ਰਹੀ। ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਸੱਤਰ ਸਾਲ ਦਾ ਜੀਵਨ ਇੱਕ ਫਿਲਮੀ ਰੀਲ ਵਾਂਗ ਘੁੰਮ ਰਿਹਾ ਸੀ। ਪਰ ਅੱਜ ਉਨ੍ਹਾਂ ਨੂੰ ਪਛਤਾਵਾ ਹੋ ਰਿਹਾ ਸੀ ਕਿ ਉਸ ਨੂੰ ਸਮਝਣ ਵਿਚ ਉਨ੍ਹਾਂ ਨੂੰ ਇੰਨਾ ਸਮਾਂ ਕਿਉਂ ਲੱਗਾ?

ਉਹ ਬੈਂਕ ਦੇ ਉੱਚ ਅਧਿਕਾਰੀ ਦੇ ਅਹੁਦੇ ਤੱਕ ਪਹੁੰਚੇ, ਪਰ ਉਹ ਘੱਟ ਪੜ੍ਹੀ ਲਿਖੀ ਸੀ। ਆਮ ਪਰਵਾਰਾਂ ਵਿੱਚ ਉਸ ਸਮੇਂ ਵੱਧ ਪੜ੍ਹੀਆਂ-ਲਿਖੀਆਂ ਲੜਕੀਆਂ ਦਾ ਉਮੀਦ ਕਿੱਥੇ ਕੀਤੀ ਜਾਂਦੀ ਸੀ। ਸੁੰਦਰ ਤੇ ਘਰੇਲੂ ਕੰਮਾਂ ਵਿੱਚ ਨਿਪੁੰਨ ਹੀ ਲੜਕੀਆਂ ਦੇ ਵਿਆਹ ਦਾ ਮਾਪਦੰਡ ਹੋਇਆ ਕਰਦਾ ਸੀ, ਜਿਸ ਵਿੱਚ ਉਹ ਪੂਰੀ ਤਰ੍ਹਾਂ ਖਰੀ ਸੀ, ਪਰੰਤੂ ਉਹ ਸਦਾ ਆਪਣੇ ਆਪ ਨੂੰ ਇਨ੍ਹਾਂ ਮਾਪਦੰਡਾਂ ਤੋਂ ਤ੍ਰਸਤ ਮਹਿਸੂਸ ਕਰਦੇ ਰਹੇ। ਫਿਰ ਬਗਾਵਤ ਦੀ ਥਾਂ ਸਮਝੌਤੇ ਦੇ ਨਾਂਅ ਉੱਤੇ ਉਨ੍ਹਾਂ ਨੇ ਪਰਵਾਰ ਵਿੱਚ ਸਦਾ ਆਪਣਾ ਰੋਹਬ ਬਣਾਈ ਰੱਖਿਆ। ਉਸ ਦੀ ਅਨਪੜ੍ਹਤਾ ਨੂੰ ਸਦਾ ਆਪਣੀ ਢਾਲ ਬਣਾਇਆ ਅਤੇ ਸਮੇਂ-ਸਮੇਂ ਉਸ ਨੂੰ ਪੜ੍ਹੀ-ਲਿਖੀ ਨਾ ਹੋਣ ਦੇ ਤਾਅਨੇ ਮਾਰਦੇ ਰਹੇ।

ਆਪਣੀ ਪੜ੍ਹਾਈ, ਆਪਣੀਆਂ ਖਾਹਸ਼ਾਂ, ਆਪਣੇ ਕਰੀਅਰ, ਆਪਣੇ ਰੁਝੇਵਿਆਂ ਅਤੇ ਸਮੇਂ ਦੀ ਆੜ ਵਿੱਚ ਉਨ੍ਹਾਂ ਨੇ ਹਮੇਸ਼ਾ ਆਪਣੇ ਆਪ ਨੂੰ ਘਰ-ਗ੍ਰਹਿਸਥੀ ਦੇ ਫਰਜ਼ਾਂ ਤੋਂ ਮੁਕਤ ਰੱਖਿਆ। ਫਲਸਰੂਪ ਉਨ੍ਹਾਂ ਦੁਆਰਾ ਜੋੜੇ ਸੀਮਿਤ ਸਾਧਨਾਂ ਵਿੱਚ ਵੀ ਆਪਣੀ ਮਿਹਨਤ, ਤਿਆਗ, ਸਾਹਸ, ਦੂਰਦਰਸ਼ੀ ਦ੍ਰਿਸ਼ਟੀਕੋਣ ਤੇ ਉਨ੍ਹਾਂ ਪ੍ਰਤੀ ਸਮਰਪਣ ਦੇ ਬਲਬੂਤੇ ਗ੍ਰਹਿਸਥੀ ਦੀ ਗੱਡੀ ਖਿੱਚਦੇ-ਖਿੱਚਦੇ ਉਹ ਬੋਝ ਹੇਠ ਪਿਸਦੀ ਗਈ। ਆਪਣੀ ਅਨਪੜ੍ਹਤਾ ਨੂੰ ਉਸ ਨੇ ਆਪਣੇ ਬੱਚਿਆਂ ਦੀ ਉਚ ਸਿੱਖਿਆ ਵਿੱਚ ਤਬਦੀਲ ਕਰ ਦਿੱਤਾ। ਉਹ ਉਨ੍ਹਾਂ ਸਾਹਮਣੇ ਆਪਣੇ ਬੱਚਿਆਂ ਨਾਲ ਸਕੂਲ, ਕਾਲਜ ਅਤੇ ਯੂਨੀਵਰਸਿਟੀ ਤੱਕ ਤਾਂ ਨਹੀਂ ਜਾ ਸਕੀ, ਪਰ ਉਨ੍ਹਾਂ ਨੂੰ ਉਥੋਂ ਤੱਕ ਪੁਚਾਉਣ ਵਿੱਚ ਲਗਾਤਾਰ ਤੱਤਪਰ ਰਹੀ। ਉਨ੍ਹਾਂ ਦੇ ਹੱਥ ਫੜ ਕੇ ਉਨ੍ਹਾਂ ਨੂੰ ਪੜ੍ਹਾ ਨਹੀਂ ਸਕੀ, ਪਰ ਉਨ੍ਹਾਂ ਦੀਆਂ ਕਿਤਾਬਾਂ ਦੇ ਆਕਾਰ, ਰੰਗ, ਛਪਾਈ ਤੇ ਉਨ੍ਹਾਂ ਨੂੰ ਹਮੇਸ਼ਾ ਪੜ੍ਹਨ ਉੱਤੇ ਨਜ਼ਰ ਰੱਖ ਕੇ ਸਦਾ ਉਨ੍ਹਾਂ ਨੂੰ ਉਤਸ਼ਾਹਤ ਕਰਦੀ ਰਹੀ। ਬੱਚਿਆਂ ਦੀ ਸਕੂਲ ਯੂਨੀਫਾਰਮ, ਭੋਜਨ, ਕਾਪੀਆਂ-ਕਿਤਾਬਾਂ ਅਤੇ ਹੋਰ ਜ਼ਰੂਰਤਾਂ ਦੇ ਨਾਲ ਉਨ੍ਹਾਂ ਦੀ ਹਰ ਜ਼ਰੂਰਤ ਦੇ ਸਾਰੇ ਫਰਜ਼ ਉਸ ਨੇ ਆਪਣੇ ਉਪਰ ਲੈ ਕੇ ਪਰਵਾਰ ਦੇ ਸਭ ਜੀਆਂ ਪ੍ਰਤੀ ਆਪਣੇ ਫਰਜ਼ਾਂ ਦਾ ਆਪਣੀ ਬੁੱਧੀ ਕੌਸ਼ਲ ਨਾਲ ਉਹ ਇਕੱਲੇ ਪਾਲਣ ਕਰਦੀ ਰਹੀ। ਉਹ ਆਪਣੀ ਨੌਕਰੀ ਦੇ ਰੁਝੇਵਿਆਂ ਦਾ ਹਵਾਲਾ ਦਿੰਦੇ ਹੋਏ ਨਿਸਚਿੰਤ ਰਹਿ ਕੇ ਹਰ ਮਹੀਨੇ ਉਸ ਦੇ ਹੱਥ ਵਿੱਚ ਇੱਕ ਸੀਮਿਤ ਰਕਮ ਫੜਾ ਦਿੰਦੇ ਰਹੇ ਅਤੇ ਆਪਣੇ ਇਸ 'ਕੰਮ' ਨੂੰ ਆਪਣੀ ਮਹਾਨਤਾ ਦਾ ਜਾਮਾ ਪਹਿਨਾ ਕੇ ਸੰਤੁਸ਼ਟ ਹੁੰਦੇ ਰਹੇ।

ਕਿੱਥੇ ਕਦੇ ਉਨ੍ਹਾਂ ਨੇ ਉਸ ਤੋਂ ਪੁੱਛਣ ਦੀ ਕੋਸ਼ਿਸ਼ ਕੀਤੀ ਕਿ ਇਸ ਸੀਮਤ ਆਮਦਨ ਵਿੱਚ ਉਹ ਚਾਰ ਬੱਚਿਆਂ ਵਾਲੀ ਇਸ ਗ੍ਰਹਿਸਥੀ ਦੀ ਗੱਡੀ ਨੂੰ ਕਿਵੇਂ ਖਿੱਚ ਰਹੀ ਹੈ? ਆਪਣੀ ਨੌਕਰੀ ਦੇ ਰੁਝੇਵਿਆਂ ਦਾ ਹਵਾਲਾ ਦੇ ਕੇ ਦੇਰ ਰਾਤ ਤੱਕ ਗ੍ਰਹਿਸਥੀ ਦੇ ਫਰਜ਼ਾਂ ਵਿੱਚ ਉਲਝੀ ਰਹਿਣ ਵਾਲੀ ਆਪਣੀ ਪਤਨੀ ਦੇ ਰੁਝੇਵਿਆਂ ਨੂੰ ਕਿੱਥੇ ਕਦੇ ਉਨ੍ਹਾਂ ਨੇ ਸਮਝਣਾ ਚਾਹਿਆ? ਕਿੱਥੇ ਉਹ ਜਾਨ ਸਕੇ ਕਿ ਨਿਰ-ਅੱਖਰ ਰਹਿੰਦੇ ਹੋਏ ਉਸ ਨੇ ਬੱਚਿਆਂ ਦੀ ਪਰਵਰਿਸ਼ ਵਿੱਚ ਉਨ੍ਹਾਂ ਦੀ ਆਪਣੀ ਸਾਖਰਤਾ ਦੀ ਬਨਿਸਬਤ ਘੱਟ ਯੋਗਦਾਨ ਨਹੀਂ ਦਿੱਤਾ? ਜੇ ਉਨ੍ਹਾਂ ਦੇ ਸਾਰੇ ਬੱਚੇ ਪੜ੍ਹ-ਲਿਖ ਕੇ ਅੱਜ ਉਚ ਅਹੁਦਿਆਂ ਉੱਤੇ ਤੈਨਾਤ ਹਨ ਤਾਂ ਇਸ ਵਿੱਚ ਉਨ੍ਹਾਂ ਦੀ ਮਾਂ ਦਾ ਤਿਆਗ ਅਤੇ ਸਮਰਪਣ ਸ਼ਾਮਲ ਹੈ, ਜਦ ਕਿ ਇੱਕ ਅਨਪੜ੍ਹ ਮਾਂ ਦਾ ਆਪਣੇ ਬੱਚਿਆਂ ਦੀ ਉੱਚ ਸਿੱਖਿਆ ਦਾ ਸੁਫਨਾ ਦੇਖਣਾ ਕਿਸੇ 'ਮਹਾਨ ਕੰਮ' ਤੋਂ ਘੱਟ ਨਹੀਂ।


...ਅਤੇ ਅੱਜ ਉਮਰ ਦੇ ਇਸ ਆਖਰੀ ਪੜਾਅ ਉੱਤੇ, ਜ਼ਿਆਦਾ ਸਮੇਂ ਤੱਕ ਖੜ੍ਹੇ ਰਹਿਣ ਵਿੱਚ ਅਸਮਰਤ ਹੋਣ ਦੇ ਕਾਰਨ ਰਸਮਾਂ ਦੀ ਸਮੱਗਰੀ ਨੂੰ ਉਨ੍ਹਾਂ ਦੇ ਹੱਥਾਂ ਨਾਲ ਛੂਹਾ ਕੇ ਅੰਤਿਮ ਸੰਸਕਾਰ ਦੇ ਫਰਜ਼ ਦੀਆਂ ਸਾਰੀਆਂ ਰਸਮਾਂ ਵੀ ਉਨ੍ਹਾਂ ਦਾ ਪੁੱਤਰ ਹੀ ਸੰਪੰਨ ਕਰਾ ਰਿਹਾ ਸੀ।

ਤਦ ਉਨ੍ਹਾਂ ਦੀ ਧੀ ਨੇ ਉਨ੍ਹਾਂ ਦੇ ਨੇੜੇ ਆ ਕੇ ਉਨ੍ਹਾਂ ਨੂੰ ਆਪਣੇ ਮੂੰਹ-ਨੱਕ ਤੋਂ ਖਿਸਕ ਕੇ ਹੇਠਾਂ ਆ ਚੁੱਕੇ ਮਾਸਕ ਨੂੰ ਠੀਕ ਕਰਨ ਲਈ ਕਿਹਾ, ਪਰ ਉਹ ਸੋਚ ਰਹੇ ਸਨ ਕਿ ਮੈਂ ਸਦਾ ਆਪਣੀ ਸਰਲਤਾ, ਰੁਝੇਵਿਆਂ, ਸ਼੍ਰੇਸ਼ਠਤਾ, ਮਹਾਨਤਾ ਤੇ ਪਤਾ ਨਹੀਂ ਕਿਹੜੇ-ਕਿਹੜੇ ਮਾਸਕ ਲਾ ਕੇ ਜੀਵਨ ਦੇ ਫਰਜ਼ਾਂ ਤੋਂ ਮੁਕਤ ਰਹਿ ਕੇ ਜੀਉਂਦਾ ਰਿਹਾ। ਅੱਜ ਸਮੇਂ ਨੇ ਦੁਬਾਰਾ ਇੱਕ ਵਾਰ ਮੈਨੂੰ ਮਾਸਕ ਲਾਉਣ ਉੱਤੇ ਮਜ਼ਬੂਰ ਕਰ ਕੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਮੈਂ ਚਾਹੁੰਦੇ ਹਨ ਕਿ ਪਤਨੀ ਪ੍ਰਤੀ ਆਖਰੀ ਫਰਜ਼ਾਂ ਨੂੰ ਵੀ ਸੰਪੰਨ ਨਹੀਂ ਕਰ ਪਾ ਰਿਹਾ ਹਾਂ।

ਬੇਟੀ ਵੱਲੋਂ ਦੁਬਾਰਾ ਸੰਕੇਤ ਕਰਨ ਉੱਤੇ ਵੀ ਹੌਲੀ ਜਿਹੇ ਆਪਣੀਆਂ ਅੱਖਾਂ ਦੀਆਂ ਕੋਰਾਂ ਨੂੰ ਪੂੰਝਦੇ ਹੋਏ ਉਨ੍ਹਾਂ ਨੇ ਆਪਣਾ ਮਾਸਕ ਉਪਰ ਕਰ ਲਿਆ ਅਤੇ ਮਨ ਹੀ ਮਨ ਵਿੱਚ ਪਤਨੀ ਨੂੰ ਮੁਆਫੀ ਭਰਿਆ ਨਮਨ ਕੀਤਾ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਬਿਊਟੀ ਟਿਪਸ

## ਆਂਵਲੇ ਨਾਲ ਪਾਓ ਗਲੋਇੰਗ ਸਕਿਨ



ਆਂਵਲੇ ਨੂੰ ਗੁਣਾਂ ਦੀ ਖਾਨ ਕਿਹਾ ਜਾਂਦਾ ਹੈ। ਇਹ ਨਾ ਸਿਰਫ ਵਾਲਾਂ ਨੂੰ ਪੋਸ਼ਣ ਦਿੰਦਾ ਹੈ ਸਗੋਂ ਚਿਹਰੇ ਲਈ ਕਾਫੀ ਚੰਗਾ ਹੁੰਦਾ ਹੈ। ਆਂਵਲੇ ਤੋਂ ਬਣੇ ਫੇਸ ਪੈਕ ਸਕਿਨ ਨਾਲ ਜੁੜੀਆਂ ਕਈ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਮਦਦਗਾਰ ਹੁੰਦੇ ਹਨ। ਤੁਸੀਂ ਘਰ ਵਿੱਚ ਆਂਵਲੇ ਦਾ ਫੇਸ ਪੈਕ ਆਸਾਨੀ ਨਾਲ ਬਣਾ ਸਕਦੇ ਹੋ। ਇੱਥੇ ਇਸ ਨਾਲ ਜੁੜੇ ਕੁਝ ਟਿਪਸ ਦੱਸੇ ਗਏ ਹਨ :

ਆਂਵਲਾ ਅਤੇ ਟੀ ਪੈਕ
ਦੋ ਚਮਚ ਆਂਵਲੇ ਦਾ ਪਾਊਡਰ ਲਓ, ਉਸ ਨੂੰ ਚਾਹ ਦੀ ਪੱਤੀ ਵਿੱਚ ਉਬਲੇ ਪਾਣੀ ਨਾਲ ਮਿਲਾ ਕੇ ਪੇਸਟ ਬਣਾ ਲਓ। ਇਸ ਪੇਸਟ ਨੂੰ ਚਿਹਰੇ ਤੇ ਗਰਦਨ ਉੱਤੇ ਚੰਗ ਤਰ੍ਹਾਂ ਲਾਓ। ਵੀਹ ਮਿੰਟਾਂ ਬਾਅਦ ਕੋਸੇ ਪਾਣੀ ਨਾਲ ਚਿਹਰਾ ਧੋ ਲਓ।

ਆਂਵਲਾ ਅਤੇ ਪਪੀਤਾ
ਆਂਵਲਾ-ਪਪੀਤੇ ਦਾ ਫੇਸ ਪੈਕ ਸਕਿਨ ਨੂੰ ਸਾਫ ਕਰਨ ਤੇ ਪਿਗਮੈਂਟੇਸ਼ਨ ਨੂੰ ਘੱਟ ਕਰਨ ਵਿੱਚ ਸਹਾਈ ਹੁੰਦਾ ਹੈ। ਇਸ ਨੂੰ ਬਣਾਉਣ ਲਈ ਇੱਕ ਕੱਪ ਕੱਟਿਆ ਹੋਇਆ ਪਪੀਤਾ ਤੇ ਦੋ ਆਂਵਲੇ ਲਓ। ਕੱਟੇ ਪਪੀਤੇ ਨੂੰ ਚੰਗੀ ਤਰ੍ਹਾਂ ਮੈਸ਼ ਕਰ ਕੇ ਪੇਸਟ ਬਣਾ ਲਓ। ਤੁਸੀਂ ਚਾਹੋ ਤਾਂ ਪਪੀਤੇ ਨੂੰ ਮਿਕਸੀ ਵਿੱਚ ਪੀਸ ਸਕਦੇ ਹੋ। ਆਂਵਲੇ ਨੂੰ ਕੱਦੂਕਸ ਕਰ ਕੇ ਜੂਸ ਕੱਢ ਲਓ। ਇੱਕ ਕਟੋਰੇ ਵਿੱਚ ਮੈਸ਼ ਕੀਤਾ ਪਪੀਤਾ ਲਓ ਤੇ ਉਸ ਵਿੱਚ ਇੱਕ ਵੱਡਾ ਚਮਚ ਆਂਵਲੇ ਦਾ ਜੂਸ ਪਾ ਕੇ ਚੰਗੀ ਤਰ੍ਹਾਂ ਮਿਕਸ ਕਰ ਲਓ। ਕਾਟਨ ਪੈਡ ਦੀ ਮਦਦ ਨਾਲ ਇਸ ਪੇਸਟ ਨੂੰ ਚਿਹਰੇ ਉੱਤੇ ਲਾਓ ਅਤੇ ਘੱਟੋ ਘੱਟ 15 ਮਿੰਟਾਂ ਤੱਕ ਅਜਿਹੇ ਹੀ ਰੱਖੋ। ਇਸ ਦੇ ਬਾਅਦ ਚਿਹਰੇ ਨੂੰ ਕੋਸੇ ਪਾਣੀ ਨਾਲ ਧੋ ਲਓ।

ਆਂਵਲਾ ਅਤੇ ਹਲਦੀ
ਦੋ ਤੋਂ ਤਿੰਨ ਚਮਚ ਆਂਵਲਾ ਪਾਊਡਰ ਲਓ। ਉਸ ਵਿੱਚ ਇੱਕ ਚਮਚ ਹਲਦੀ ਪਾਊਡਰ ਅਤੇ ਨਿੰਬੂ ਦਾ ਰਸ ਪਾ ਕੇ ਮਿਸ਼ਰਣ ਤਿਆਰ ਕਰ ਲਓ। 10 ਮਿੰਟਾਂ ਤੱਕ ਇਸ ਨੂੰ ਚਿਹਰੇ ਉੱਤੇ ਲਗਾਈ ਰੱਖੋ। 10 ਮਿੰਟਾਂ ਬਾਅਦ ਠੰਢੇ ਪਾਣੀ ਨਾਲ ਚਿਹਰਾ ਸਾਫ ਕਰ ਲਓ।

ਆਂਵਲਾ, ਦਹੀਂ ਅਤੇ ਸ਼ਹਿਦ
ਆਂਵਲਾ, ਦਹੀਂ ਤੇ ਸ਼ਹਿਦ ਦਾ ਫੇਸ ਪੈਕ ਸਨ ਟੈਨ ਨੂੰ ਘੱਟ ਕਰਨ ਵਿੱਚ ਅਸਰਦਾਰ ਹੁੰਦਾ ਹੈ। ਦੋ ਚਮਚ ਆਂਵਲੇ ਦਾ ਪੇਸਟ ਲਓ। ਇਸ ਵਿੱਚ ਇੱਕ ਚਮਚ ਦਹੀਂ ਤੇ ਸ਼ਹਿਦ ਨੂੰ ਚੰਗੀ ਤਰ੍ਹਾਂ ਮਿਲਾ ਲਓ। ਇਸ ਮਿਸ਼ਰਣ ਨੂੰ ਪੰਜ ਮਿੰਟ ਢਕ ਕੇ ਛੱਡ ਦਿਓ। ਪੰਜ ਮਿੰਟਾਂ ਬਾਅਦ ਆਪਣੇ ਚਿਹਰੇ ਨੂੰ ਚੰਗੀ ਤਰ੍ਹਾਂ ਸਾਫ ਕਰ ਕੇ ਇਸ ਪੈਕ ਨੂੰ ਲਾਓ। 20 ਮਿੰਟਾਂ ਬਾਅਦ ਕੋਸੇ ਪਾਣੀ ਨਾਲ ਚਿਹਰੇ ਨੂੰ ਧੋ ਲਓ। ਹਫਤੇ ਵਿੱਚ ਦੋ ਵਾਰ ਫੇਸ ਪੈਕ ਦੀ ਵਰਤੋਂ ਕਰੋ, ਸਨ ਟੈਨਿੰਗ ਘੱਟ ਹੋਵੇਗੀ, ਜਿਸ ਨਾਲ ਕਿ ਚਿਹਰਾ ਚਮਕਦਾਰ ਨਜ਼ਰ ਆਵੇਗਾ।

# ਰਸੋਈ

## ਫੁੱਲ ਗੋਭੀ ਦਾ ਸੂਪ



ਫੁੱਲ ਗੋਭੀ ਦਾ ਸੂਪ ਬਣਾਉਣ ਲਈ ਸਮੱਗਰੀ: ਫੁੱਲ ਗੋਭੀ ਦਾ ਸੂਪ ਬਣਾਉਣ ਲਈ ਦੋ ਕੱਪ ਕੱਟੀ ਤੇ ਧੋਤੀ ਹੋਈ ਫੁੱਲ ਗੋਭੀ ਲਓ। ਫਿਰ ਇੱਕ ਫਰਾਈਪੈਨ ਵਿੱਚ ਇੱਕ ਚਮਚ ਤੇਲ ਗਰਮ ਕਰੋ ਅਤੇ ਇਸ ਵਿੱਚ ਇੱਕ ਚਮਚ ਕੱਟਿਆ ਹੋਇਆ ਅਦਰਕ ਤੇ ਲਸਣ ਪਾਓ। ਇਸ ਤੋਂ ਬਾਅਦ ਇਕ ਕੱਟਿਆ ਪਿਆਜ਼ ਪਾ ਕੇ ਦੋ-ਤਿੰਨ ਮਿੰਟ ਤੱਕ ਪਕਾਓ। ਜਦੋਂ ਪਿਆਜ਼ ਗੋਲਡਨ ਬਰਾਊਨ ਹੋ ਜਾਵੇ ਤਾਂ ਇਸ ਵਿੱਚ ਕੱਟੀ ਹੋਈ ਫੁੱਲ ਗੋਭੀ ਪਾਓ ਅਤੇ ਦੋ ਗਲਾਸ ਪਾਣੀ ਪਾਓ। ਇਸ ਤੋਂ ਬਾਅਦ ਸਵਾਦ ਅਨੁਸਾਰ ਨਮਕ ਅਤੇ ਦੋ ਚੁਟਕੀ ਕਾਲੀ ਮਿਰਚ ਪਾ ਕੇ ਫਰਾਈਪੈਨ ਨੂੰ ਢਕ ਦਿਓ। ਇਸ ਤੋਂ ਬਾਅਦ ਸੂਪ ਨੂੰ ਕਰੀਬ ਦਸ ਮਿੰਟ ਤੱਕ ਪਕਣ ਦਿਓ। ਫਿਰ ਗੈਸ ਬੰਦ ਕਰ ਦਿਓ ਅਤੇ ਸੂਪ ਨੂੰ ਠੰਢਾ ਹੋਣ ਦਿਓ ਅਤੇ ਫਿਰ ਬਲੈਂਡਰ ਦੀ ਮਦਦ ਨਾਲ ਸਬਜ਼ੀਆਂ ਨੂੰ ਮੈਸ਼ ਕਰ ਲਓ ਅਤੇ ਸੇਵਨ ਕਰੋ।

# *ਮਿੰਨੀ ਕਹਾਣੀ*- ਅਸਲੀ ਦੌਲਤ

-ਅਲਕਾ ਮਿੱਤਲ

''ਸੁਨੰਦਾ ਇੱਕ ਗੱਲ ਮੈਨੂੰ ਸਮਝ ਨਹੀਂ ਆ ਰਹੀ ਕਿ ਕੀ ਲੜਕੀਆਂ ਦਾ ਅਕਾਲ ਪੈ ਗਿਆ ਸੀ ਜਾਂ ਤੇਰੇ ਬੇਟੇ ਵਿੱਚ ਕੋਈ ਕਮੀ ਸੀ? ਜੋ ਇੰਨੇ ਗਰੀਬ ਘਰ ਦੀ ਲੜਕੀ ਨੂੰ ਪਸੰਦ ਕੀਤਾ। ਮੈਂ ਵੀ ਕਿੰਨੇ ਹੀ ਰਿਸ਼ਤੇ ਦੱਸੇ, ਇੱਕ ਤੋਂ ਵਧ ਕੇ ਇੱਕ ਪੈਸੇ ਵਾਲੇ।''

ਗੱਲ ਵਿੱਚੋਂ ਕੱਟ ਕੇ ਸੁਨੰਦਾ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ, ''ਰਾਧਾ, ਨਾ ਲੜਕੀਆਂ ਦਾ ਅਕਾਲ ਹੈ ਅਤੇ ਨਾ ਮੇਰੇ ਬੇਟੇ ਵਿੱਚ ਕਮੀ ਹੈ। ਮੈਂ ਇੱਕ ਸੰਸਕਾਰੀ, ਗੁਣਵੰਤੀ ਨੂੰਹ ਨੂੰ ਪਸੰਦ ਕੀਤਾ ਹੈ। ਮੈਂ ਗੁਣਾਂ ਨੂੰ ਮਹੱਤਵ ਦਿੱਤਾ ਹੈ, ਦਾਜ ਨੂੰ ਨਹੀਂ। ਮੇਰਾ ਬੇਟਾ ਸਰਵਗੁਣ ਸੰਪੰਨ ਹੈ। ਆਪਣੀ ਯੋਗਤਾ ਨਾਲ ਪੈਸਾ ਤਾਂ ਖੂਬ ਕਮਾ ਲਵੇਗਾ।''

ਆਪਣੀ ਸਹੇਲੀ ਸੁਨੰਦਾ ਦੀ ਗੱਲ ਸੁਣ, ਰਾਧਾ ਨਿਰਉਤਰ ਹੋ ਗਈ। ਨੂੰਹ ਦੀਆਂ ਅੱਖਾਂ ਵਿੱਚ ਜੋ ਭਾਵ ਸੁਨੰਦਾ ਨੇ ਆਪਣੇ ਲਈ ਦੇਖੇ ਉਹ ਕਿਸੇ ਦੌਲਤ ਤੋਂ ਘੱਟ ਨਹੀਂ ਸਨ।

# ਮੁਫਤ ਦੇ ਵਾਅਦਿਆਂ ਨੇ ਯੂ ਪੀ ਦੀਆਂ ਬਿਜਲੀ ਸਪਲਾਈ ਕੰਪਨੀਆਂ ਨੂੰ ਵਿੱਤੀ ਸੰਕਟ ਵਿੱਚ ਪਾਇਆ

-ਵੀਰੇਂਦਰ ਸਿੰਘ ਰਾਵਤ

ਉਚੇ ਦਾਅ ਵਾਲੀਆਂ 2022 ਦੀਆਂ ਉੱਤਰ ਪ੍ਰਦੇਸ਼ (ਯੂ ਪੀ) ਵਿਧਾਨ ਸਭਾ ਚੋਣਾਂ ਵਿੱਚ ਸਿਆਸੀ ਪਾਰਟੀਆਂ ਨੇ ਵੋਟਰਾਂ ਨੂੰ ਭਰਮਾਉਣ ਲਈ ਲੁਭਾਵਣੇ ਐਲਾਨਾਂ ਨਾਲ ਸਜੇ ਆਪੋ-ਆਪਣੇ ਐਲਾਨ ਪੱਤਰਾਂ ਦਾ ਬੜੀ ਧੂਮਧਾਮ ਦੇ ਨਾਲ ਐਲਾਨ ਕੀਤਾ ਸੀ। ਫਿਰ ਵੀ ਊਰਜਾ ਖੇਤਰ ਵਿੱਚ ਮੁਫਤ ਦੇ ਵਾਅਦੇ ਨੇ ਮੀਡੀਆ ਵਿੱਚ ਬੜਾ ਵੱਧ ਸਥਾਨ ਅਤੇ ਪ੍ਰਸਿੱਧੀ ਕਲਪਨਾ ਨੂੰ ਵੀ ਹਥਿਆ ਲਿਆ, ਇਸ ਤੱਥ ਨੂੰ ਦੇਖਦੇ ਹੋਏ ਕਿ ਯੂ ਪੀ ਵਿੱਚ ਬਿਜਲੀ ਦੀਆਂ ਦਰਾਂ ਦੇਸ਼ ਵਿੱਚ ਸਭ ਤੋਂ ਵੱਧ ਹਨ। ਸਾਰੀਆਂ ਪ੍ਰਮੁੱਖ ਪਾਰਟੀਆਂ, ਭਾਜਪਾ, ਸਮਾਜਵਾਦੀ ਪਾਰਟੀ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਮੁਕਾਬਲੇ ਵਿੱਚ ਬਿਜਲੀ ਖੇਤਰ ਵਿੱਚ ਚੋਣਾਂ ਤੋਂ ਪਹਿਲਾਂ ਵਾਅਦੇ ਕੀਤੇ ਹਨ। ਇਨ੍ਹਾਂ ਸੰਗਠਨਾਂ ਨੇ ਇਸ ਰਾਜ ਦੀ ਬਿਜਲੀ ਖਪਤ, ਯੂ ਪੀ ਪਾਵਰ ਕਾਰਪੋਰੇਸ਼ਨ ਲਿਮਟਿਡ (ਯੂ ਪੀ ਪੀ ਸੀਐਲ) ਅਤੇ ਸਪਲਾਈ ਕੰਪਨੀਆਂ (ਡਿਸਕਾਮ) ਦੀ ਅਨਿਸ਼ਚਿਤ ਵਿੱਤੀ ਸਥਿਤੀ ਉੱਤੇ ਕੋਈ ਧਿਆਨ ਨਹੀਂ ਦਿੱਤਾ। ਜ਼ਾਹਿਰ ਹੈ ਕਿ ਪਾਰਟੀਆਂ ਵੱਲੋਂ ਆਪਣੇ ਲੋਕਾਂ ਨੂੰ ਭਰਮਾਉਣ ਵਾਲੇ ਏਜੰਡੇ ਨਾਲ ਚੋਣਾਂ ਵਿੱਚ ਉਪਰੀ ਹੱਥ ਪਾਉਣ ਲਈ ਚੋਣਾਂ ਤੋਂ ਪਹਿਲਾਂ ਊਰਜਾ ਖੇਤਰ ਵਿੱਚ ਕੀਤੇ ਮੁਫਤ ਦੇ ਵਾਅਦਿਆਂ ਵਿੱਚ ਵਿੱਤੀ ਅਤੇ ਤਕਨੀਕੀ ਲਾਜ਼ਮੀਅਤਾ ਸ਼ਾਮਲ ਹੈ। ਯੂ ਪੀ ਡਿਸਕਾਮ ਨੂੰ ਲਗਭਗ 95000 ਕਰੋੜ ਰੁਪਏ ਦਾ ਘਾਟਾ ਪਿਆ ਹੈ, ਜਿਸ ਵਿੱਚ ਅੰਦਾਜ਼ਨ ਰੋਜ਼ਾਨਾ ਮਾਲੀਆ ਫਰਕ ਅੱਸੀ ਕਰੋੜ ਰੁਪਏ ਹੈ ਜਿਸ ਨਾਲ ਗੜਬੜੀ ਵਧ ਗਈ।

ਘੱਟ ਆਮਦਨ ਵਾਲੀ ਵਧੇਰੇ ਆਬਾਦੀ ਇੱਕ ਮਹੀਨੇ ਵਿੱਚ 100 ਯੂਨਿਟ ਤੋਂ ਘੱਟ ਖਪਤ ਕਰਦੀ ਹੈ। ਇਹ ਦੇਖਦੇ ਹੋਏ ਉਤਰ ਪ੍ਰਦੇਸ਼ ਵਿੱਚ ਰੋਜ਼ਾਨਾ ਆਧਾਰ ਉੱਤੇ ਵਧੇਰੇ ਮੰਗ ਲਗਭਗ 25000 ਮੈਗਾਵਾਟ ਹੈ, ਮੁਫਤ ਬਿਜਲੀ ਦਾ ਵਾਅਦਾ ਯਕੀਨੀ ਤੌਰ ਉੱਤੇ ਖੈਰਾਤ ਦਾ ਲਾਭ ਉਠਾਉਣ ਲਈ ਉਚ ਖਪਤ ਨੂੰ ਵਧਾ ਦੇਵੇਗਾ।

ਅਖਿਲੇਸ਼ ਯਾਦਵ ਦੀ ਅਗਵਾਈ ਵਾਲੀ ਸਮਾਜਵਾਦੀ ਪਾਰਟੀ ਨੇ ਸੂਬੇ ਵਿੱਚ ਹਰ ਘਰ ਨੂੰ ਤਿੰਨ ਸੌ ਯੂਨਿਟ ਮੁਫਤ ਬਿਜਲੀ ਦੇਣ ਤੇ 24 ਘੰਟੇ ਬਿਜਲੀ ਸਪਲਾਈ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਹੈ। ਅਖਿਲੇਸ਼ ਨੇ ਦਾਅਵਾ ਕੀਤਾ ਕਿ ਮੁਫਤ ਬਿਜਲੀ ਦੀ ਯੋਜਨਾ ਉੱਤੇ ਸਾਲਾਨਾ 12,000 ਕਰੋੜ ਰੁਪਏ ਖਰਚ ਹੋਣਗੇ। ਇਸ ਬਾਰੇ ਊਰਜਾ ਖੇਤਰ ਦੇ ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਯੂ ਪੀ ਵਰਗੇ ਵੱਡੇ ਸੂਬੇ ਵਿੱਚ ਲਗਭਗ ਤਿੰਨ ਕਰੋੜ ਖਪਤਕਾਰਾਂ ਨਾਲ ਪਹਿਲੇ ਤਿੰਨ ਸੌ ਯੂਨਿਟ ਮੁਫਤ ਬਿਜਲੀ ਦਾ ਵਾਅਦਾ ਅਚਾਨਕ ਮੰਗ ਵਿੱਚ ਵਾਧਾ ਕਰੇਗਾ। ਇਹ ਨਾ ਸਿਰਫ ਸੰਚਾਰ ਅਤੇ ਸਪਲਾਈ ਢਾਂਚੇ ਉੱਤੇ ਦਬਾਅ ਪਾਵੇਗਾ, ਸਗੋਂ ਮਾਲੀਆ ਘਾਟੇ ਵਿੱਚ ਫਰਕ ਨੂੰ ਵੀ ਪ੍ਰੇਰਿਤ ਕਰੇਗਾ।

ਖੇਤੀ ਖੇਤਰ ਤੱਕ ਆਪਣੀ ਪਹੁੰਚ ਵਧਾਉਣ ਲਈ, ਖਾਸ ਕਰ ਕੇ ਤਾਜ਼ਾ ਕਿਸਾਨ ਅੰਦੋਲਨ ਦੇ ਪਿਛੋਕੜ ਵਿੱਚ ਯੋਗੀ ਆਦਿੱਤਿਆਨਾਥ ਦੀ ਅਗਵਾਈ ਵਾਲੀ ਸੱਤਾਧਾਰੀ ਭਾਜਪਾ ਨੇ ਵੀ ਸਿੰਜਾਈ ਲਈ ਮੁਫਤ ਬਿਜਲੀ ਦੇਣ ਦਾ ਵਾਅਦਾ ਕੀਤਾ ਹੈ। ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਉੱਤੇ ਘਰੇਲੂ ਖਪਤਕਾਰਾਂ ਨੂੰ ਤਿੰਨ ਸੌ ਯੂਨਿਟ ਮੁਫਤ ਦੇ ਕੇ ਯੂ ਪੀ ਵਿੱਚ ਆਪਣੇ ਦਿੱਲੀ ਮਾਡਲ ਨੂੰ ਦੁਹਰਾਉਣ ਦੀ ਯੋਜਨਾ ਦਾ ਐਲਾਨ ਕੀਤਾ ਹੈ। ਪਾਰਟੀ ਨੇ ਬਕਾਇਆ ਬਿਜਲੀ ਬਿੱਲ ਮੁਆਫ ਕਰਨ ਅਤੇ ਯੂ ਪੀ ਵਿੱਚ ਸਰਕਾਰ ਬਣਨ ਉੱਤੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਦਾ ਵਾਅਦਾ ਕੀਤਾ ਹੈ। ਕਿਤੇ ਪਿੱਛੇ ਨਾ ਰਹਿ ਜਾਵੇ, ਕਾਂਗਰਸ ਵੀ ਮੁਫਤ ਦੀ ਦੌੜ ਵਿੱਚ ਸ਼ਾਮਲ ਹੋ ਗਈ ਹੈ ਤੇ ਬਿਜਲੀ ਬਿੱਲਾਂ ਨੂੰ ਅੱਧੇ ਤੋਂ ਘੱਟ ਕਰਨ ਅਤੇ ਕੋਵਿਡ ਅਰਸੇ ਨਾਲ ਸੰਬੰਧਤ ਬਕਾਇਆ ਬਿੱਲਾਂ ਨੂੰ ਮੁਆਫ ਕਰਨ ਦਾ ਵਾਅਦਾ ਕੀਤਾ ਹੈ।

ਯੂ ਪੀ ਦੇ ਬਿਜਲੀ ਖਪਤਕਾਰ ਵਰਕਰ ਅਵਧੇਸ਼ ਵਰਮਾ ਅਨੁਸਾਰ ਵੱਖ-ਵੱਖ ਪਾਰਟੀਆਂ ਵੱਲੋਂ ਮੁਫਤ ਬਿਜਲੀ ਦਾ ਵਾਅਦਾ, ਨਾਲ ਕਿਸਾਨਾਂ ਸਮੇਤ ਖਪਤਕਾਰਾਂ ਦੇ ਕੁਝ ਵਰਗਾਂ ਨੂੰ ਸਬਸਿਡੀ ਜਾਂ ਮੁਫਤ ਬਿਜਲੀ ਕਾਰਨ ਪਹਿਲਾਂ ਦੇ ਵਿੱਤੀ ਖਰਚ ਦੇ ਇਲਾਵਾ ਸਰਕਾਰੀ ਖਜ਼ਾਨੇ ਉੱਤੇ ਸਾਲਾਨਾ 30000 ਕਰੋੜ ਰੁਪਏ ਤੋਂ ਵੱਧ ਬੋਝ ਪਵੇਗਾ।

ਯੂ ਪੀ ਪੀ ਸੀ ਐਲ ਵੱਲੋਂ ਦਾਇਰ 2020-21 ਦੀ ਸਾਲਾਨਾ ਰੈਵੇਨਿਊ ਲੋੜ (ਏ ਆਰ ਆਰ) ਬਿਜਲੀ ਸਪਲਾਈ ਵਿੱਚ ਰੈਵੇਨਿਊ ਦੀ ਕਮੀ 16000 ਕਰੋੜ ਰੁਪਏ ਮਿੱਥੀ ਗਈ ਸੀ। ਉਨ੍ਹਾਂ ਦੱਸਿਆ ਕਿ ਕੁੱਲ ਅੰਦਾਜ਼ਨ ਖਰਚ 78,215 ਕਰੋੜ ਰੁਪਏ ਦੇ ਮੁਕਾਬਲੇ, ਏ ਆਰ ਆਰ ਵਿੱਚ ਸਬਸਿਡੀ ਰਾਸ਼ੀ ਨਾਲ ਰੈਵੇਨਿਊ 62000 ਕਰੋੜ ਰੁਪਏ ਤੋਂ ਥੋੜ੍ਹਾ ਵੱਧ ਹੋਣ ਦਾ ਅੰਦਾਜ਼ਾ ਲਾਇਆ ਸੀ। ਇਸ ਤਰ੍ਹਾਂ 16000 ਕਰੋੜ ਰੁਪਏ ਦਾ ਘਾਟਾ ਛੱਡ ਦਿੱਤਾ ਗਿਆ।

ਆਲ ਇੰਡੀਆ ਪਾਵਰ ਇੰਜੀਨੀਅਰ ਫੈਡਰੇਸ਼ਨ (ਏ ਆਈ ਪੀ ਈ ਐੱਫ) ਦੇ ਪ੍ਰਧਾਨ ਸ਼ੈਲੇਂਦਰ ਦੂਬੇ ਨੇ ਕਿਹਾ, 'ਊਰਜਾ ਵਿਕਾਸ ਲਈ ਕੱਚਾ ਮਾਲ ਹੈ। ਜਦੋਂ ਤੱਕ ਊਰਜਾ ਸੁਰੱਖਿਅਤ ਨਹੀਂ ਹੋਵੇਗੀ ਆਰਥਿਕ ਵਿਕਾਸ ਦਾ ਏਜੰਡਾ ਇੱਕ ਅਧੂਰਾ ਸੁਫਨਾ ਰਹੇਗਾ। ਊਰਜਾ ਦ੍ਰਿਸ਼ ਨਾਲ ਸਿਆਸੀ ਦਖਲ ਨੂੰ ਰੋਕਣ ਅਤੇ ਯੂ ਪੀ ਰਾਜ ਬਿਜਲੀ ਬੋਰਡ ਨੂੰ ਵੱਖ ਕਰਨ ਦੇ ਫੈਸਲੇ ਦੀ ਸਮੀਖਿਆ ਕਰਨ ਦੀ ਫੌਰੀ ਲੋੜ ਹੈ।' ਉਨ੍ਹਾਂ ਅਫਸੋਸ ਪ੍ਰਗਟ ਕੀਤਾ ਕਿ ਸਰਕਾਰੀ ਵਿਭਾਗ ਤੇ ਏਜੰਸੀਆਂ ਸੂਬਾ ਊਰਜਾ ਖੇਤਰ ਦੇ ਚੋਟੀ ਦੇ ਕੁਤਾਹੀਕਾਰਾਂ ਵਿੱਚੋਂ ਹਨ, ਜੋ ਜਨਤਕ ਖੇਤਰ ਦੀਆਂ ਬਿਜਲੀ ਸਹੂਲਤਾਂ ਦੀ ਸੁੰਗੜੀ ਜਾਇਦਾਦ ਦਾ ਇੱਕ ਪ੍ਰਮੁੱਖ ਕਾਰਨ ਸੀ।



# ਫੱਗਣ ਮਹੀਨੇ 'ਦਾ ਸਰਦ ਰੁੱਤ ਨੂੰ ਅਲਵਿਦਾ !

ਬਿਕਰਮੀ ਸੰਮਤ ਮੁਤਾਬਿਕ ਫੱਗਣ ਮਹੀਨਾ ਸਾਲ ਦਾ ਦੇਸੀ ਮਹੀਨਾ ਬਾਰ੍ਹਵਾ ਬਣਦਾ ਹੈ। ਇਸ ਮਹੀਨੇ ਨੂੰ ਫਲਗੁਣਿ ਵੀ ਕਿਹਾ ਜਾਂਦਾ ਹੈ, ਇਸ ਮਹੀਨੇ ਅੰਬੀਆ ਨੂੰ ਬੂਰ, ਕਣਕਾਂ ਨੂੰ ਸਿੱਟੇ ਤੇ ਫੁੱਲ ਬੂਟਿਆਂ ਨੂੰ ਨਵੀਆਂ ਕਰੂੰਬਲਾ ਫੁੱਟ ਕੁਦਰਤ ਪ੍ਰਤੀ ਆਪਣੀ ਮੁਹੱਬਤ ਦਾ ਇਜਹਾਰ ਕਰਦੀਆਂ ਨਜਰੀ ਆਉਂਦੀਆਂ ਹਨ। ਇਸ ਮਹੀਨੇ ਸਰ੍ਹੋਂ ਦੇ ਖੇਤ ਇਸ ਤਰ੍ਹਾਂ ਨਜ਼ਰੀਂ ਪੈਂਦੇ ਹਨ ਜਿਵੇਂ ਕੁਦਰਤ ਦੀ ਇਸ ਕਾਯਨਾਤ ਨਾਲ ਕੋਈ ਗੁਫ਼ਤਗੂੰ ਕਰ ਰਹੇ ਹੋਣ। ਇਸ ਫੱਗਣ ਮਹੀਨੇ ਦੀ ਆਮਦ ਨਾਲ ਫੁੱਲ, ਬੂਟਿਆਂ ਤੇ ਬਹਾਰ ਆਉਣ ਨਾਲ ਚੌਗਿਰਦਾ ਮਹਿਕ ਉਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਫੱਗਣ ਮਹੀਨੇ ਸਰਦ ਰੁੱਤ ਨੂੰ ਅਲਵਿਦਾ ਕਰ ਮੌਸਮ ਗਰਮ ਰੁੱਤ ਵੱਲ ਵਧਣ ਲੱਗਦਾ ਹੈ। ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ਤੇ ਮਹਾਸ਼ਿਵਰਾਤਰੀ ਦਾ ਤਿਉਹਾਰ ਵੀ ਇਸੇ ਮਹੀਨੇ ਆਉਂਦਾ ਹੈ। ਗਰਮ ਰੁੱਤ ਵੱਲ ਵਧਦੇ ਫੱਗਣ ਮਹੀਨੇ ਦੇ ਅਖੀਰ ਹੁੰਦੇ-ਹੁੰਦੇ ਭਾਰਤ ਦੇ ਕਈ ਹਿੱਸਿਆ 'ਚ ਹੋਲੀ ਦੀ ਸ਼ੁਰੂਆਤ ਹੋ ਜਾਂਦੀ ਹੈ ਤੇ ਫੱਗਣ ਦੇ ਮਹੀਨੇ ਇਹ ਜਾਂਦੀ-ਜਾਂਦੀ ਸਿਆਲੂ ਰੁੱਤ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਕਰਦੀ ਜਾਪਦੀ ਹੈ, ਜਿਨ੍ਹਾਂ ਮੁਟਿਆਰਾਂ ਦੇ ਮਾਹੀ ਪ੍ਰਦੇਸੀ ਹੋਏ ਹੋਣ, ਉਹ ਮੁਟਿਆਰਾਂ ਮਾਹੀ ਦੇ ਮਿਲਾਪ ਦੀ ਤਾਂਘ 'ਚ ਤੜਪਦੀਆਂ ਜਾਪਦੀਆਂ ਹਨ ਤੇ ਬਾਰਾਂਮਾਹ 'ਚ ਹਿਦਾਇਤਉਲਾ ਜੀ ਕਹਿੰਦੇ ਹਨ:

*ਚੜ੍ਹਿਆ ਫੱਗਣ ਕੰਧੀ ਲੱਗਣ*
*ਉਮਰ ਰਹੀ ਦਿਨ ਥੋੜੇ ਨੀ ।*
*ਨਾਲ ਪੀਆ ਦੇ ਖੇਡਾਂ ਹੋਲੀ ਏਹ*
*ਮੇਰਾ ਦਿਲ ਲੋੜੇ ਨੀ ।*
*ਐਸਾ ਕੌਣ ਕੱਢਾਂ ਮੈਂ ਦਰਦੀ ਜਾ*
*ਉਸ ਨੂੰ ਹੱਥ ਜੋੜੇ ਨੀ ।*
*ਤਾਂ ਸੁਹਾਗਣ ਬਣਾਂ ਹਿਦਾਇਤ ਜੇ*
*ਸ਼ਹੁ ਵਾਗਾਂ ਮੋੜੇ ਨੀ ॥੧੨॥੧॥*

ਅੱਧ ਫਰਵਰੀ ਤੋਂ ਅੱਧ ਮਾਰਚ ਮਹੀਨੇ ਦਾ ਇਹ ਫੱਗਣ ਮਹੀਨਾ ਕਿਸੇ ਸਾਲ 30 ਦਿਨਾ ਦਾ ਤੇ ਕਿਸੇ ਸਾਲ 31 ਦਿਨਾ ਦਾ ਹੋ ਨਿੱਬੜਦਾ ਹੈ। ਇਸ ਮਹੀਨੇ ਜਿੱਥੇ ਦਿਨੇ ਸੂਰਜ ਦੀਆ ਕਿਰਨਾਂ ਨਾਲ ਫੁੱਲ, ਬੂਟਿਆਂ ਤੇ ਨਿਖਾਰ ਆਉਣ ਨਾਲ ਚੌਗਿਰਦਾ ਮਹਿਕ ਉਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ, ਉਥੇ ਹੀ ਰਾਤਾਂ ਨੂੰ ਮਿੰਨੀ-ਮਿੰਨੀ ਚੱਲਦੀ ਹਵਾ, ਖੁੱਲ੍ਹੇ ਅਸਮਾਨ 'ਚ ਕਿਤੇ ਬੱਦਲੀ ਦਾ ਟੋਟਾ, ਅਸਮਾਨੀ ਟਿਮ-ਟਿਮਾਉਂਦਾ ਕੋਈ-ਕੋਈ ਤਾਰਾ ਤੇ ਸ਼ਾਂਤ ਟਿਕੀ ਰਾਤ ਇਉਂ ਜਾਪਦੀ ਹੈ ਜਿਵੇਂ ਧਰਤ ਨੂੰ ਆਪਣੇ ਕਲਾਵੇ 'ਚ ਲੈ ਲੋਰੀਆਂ ਸੁਣਾਉਂਦੀ ਹੋਵੇ। ਫੱਗਣ ਮਹੀਨੇ ਦੇ ਇਹ ਕੁਦਰਤੀ ਨਜ਼ਾਰੇ ਮਨੁੱਖੀ ਮਨ ਅੰਦਰ ਵੀ ਕੁਦਰਤੀ ਨਿਖਾਰ ਲਿਆਉਣ ਦਾ ਕੰਮ ਕਰਦੇ ਹਨ , ਬਸ਼ਰਤੇ ਮਨੁੱਖੀ ਮਨ ਨੂੰ ਮਨ ਨਾਲ ਇਹ ਕੁਦਰਤ ਦੀ ਕਾਯਨਾਤ ਨਾਲ ਮੋਹ 'ਪਾ ਇਕ-ਮਿਕ ਹੋਣਾ ਪਵੇਗਾ। ਭਾਰਤ ਦੀਆ ਮੁੱਖ 'ਛੇ ਰੁੱਤਾਂ 'ਚੋਂ ਬਸੰਤ ਰੁੱਤ ਨੂੰ ਸਭ ਤੋਂ ਮਨਮੋਹਣੀ ਰੁੱਤ ਮੰਨਿਆ ਜਾਂਦਾ ਹੈ ਤੇ ਇਹ ਬਾਹਰ ਦੀ ਰੁੱਤ ਇਸ ਫੱਗਣ ਮਹੀਨੇ 'ਚ ਹੀ ਆਉਂਦੀ ਹੈ। ਸਾਡੇ ਪੰਜਾਬੀਆਂ ਦੇ ਦਿਨ, ਮਹੀਨੇ, ਰੁੱਤਾਂ, ਤਿੱਥ, ਤਿਉਹਾਰ, ਅਖਾਣ, ਕਹਾਣੀਆਂ, ਕਹਾਵਤਾਂ, ਟੱਪੇ, ਛੰਦ, ਬੈਂਤ, ਬੋਲੀਆਂ ਤੇ ਲੋਕ ਗੀਤ ਸਭ ਆਪਸ 'ਚ ਜੁੜੇ ਹੋਏ ਨੇ, ਸਾਡੇ ਕਈਂ ਸੂਫੀ-ਸੰਤ-ਫ਼ਕੀਰ, ਸਾਹਿਤਕਾਰਾ ਨੇ ਤਿੱਥ ਤੇ ਤਿਉਹਾਰਾ ਤੋਂ ਇਲਾਵਾ ਸਾਲ 'ਚ ਆਉਂਦੇ ਦੇਸੀ ਮਹੀਨਿਆਂ ਤੇ ਵੀ ਬਹੁਤ ਕੁਝ ਕਿਹਾ ਹੈ। ਉਨ੍ਹਾਂ ਦੀਆ ਲਿਖੀਆਂ ਤੇ ਕਹੀਆਂ ਗੱਲਾਂ 'ਚ ਇਕ ਅਲੱਗ ਹੀ ਕਿਸਮ ਦਾ ਨਿੱਘ ਅੱਜ ਵੀ ਮਿਲਦਾ ਹੈ, ਰੁੱਤਾਂ, ਬਹਾਰਾਂ, ਮੌਸਮ ਤੇ ਤਿਉਹਾਰ ਦੇ ਆਪਸੀ ਸਬੰਧ ਉਨ੍ਹਾਂ ਬੜੀ ਸੁਝ-ਬੁਝ ਨਾਲ ਆਪਣੇ ਢੰਗ ਨਾਲ ਬਿਆਨ ਕੀਤੇ ਹਨ, ਜਿਵੇਂ ਚੱਲ ਰਹੇ ਬਾਹਰ ਦੀ ਰੁੱਤ ਫੱਗਣ ਦੇ ਮਹੀਨੇ ਤੇ ਅੰਮ੍ਰਿਤਾ ਪ੍ਰੀਤਮ ਜੀ ਆਪਣੀ ਇਕ ਕਵਿਤਾ 'ਚ ਕਹਿੰਦੇ ਹਨ:

*ਰੰਗ ਦੇ ਦੁਪੱਟਾ ਮੇਰਾ, ਰੁੱਤੇ ਨੀ ਲਲਾਰਣੇ।*
*ਅੱਜ ਮੈਂ ਲੋਕਾਈ, ਉਤੇ ਸਾਰੇ ਰੰਗ ਵਾਰਨੇ।*
*ਇਕ ਸੁਪਨੇ ਵਰਗਾ ਰੰਗ, ਕਿ ਰੰਗ ਗੁਲਾਬ ਦਾ।*
*ਇਕ ਕੱਚਾ ਸੂਹਾ ਰੰਗ, ਸੋਹਲਵੇਂ ਸਾਲ ਦਾ।*
*ਇਕ ਪੱਕਾ ਸੂਹਾ ਰੰਗ, ਕਿ ਰੰਗ ਖਿਆਲ ਦਾ।*
*ਇਹ ਦੋ ਰੁਤਾਂ ਦਾ ਮੇਲ, ਹੁਨਾਲ ਸਿਆਲ ਦਾ।*

*-ਹਰਮਨਪ੍ਰੀਤ ਸਿੰਘ,*
*ਸਰਹਿੰਦ, ਜ਼ਿਲ੍ਹਾ: ਫ਼ਤਹਿਗੜ੍ਹ ਸਾਹਿਬ,*
*ਸੰਪਰਕ : 98550 10005*

# ਵੇ ਮਨ - ਮੋਹਣਿਆ ਬਾਲਕ ਨਾਥਾ...

ਜੈ ਗੁਰੂਦੇਵ - ਧੰਨ ਗੁਰੂਦੇਵ। ਪੌਣਾਹਾਰੀ ਬਾਬਾ ਜੀ ਦੀ ਜੈ , ਰਾਜਾ ਭਰਥਰੀ ਜੀ ਦੀ ਜੈ। ਰਤਨੋ ਮਾਈ ਜੀ ਦੀ ਜੈ। ਗੁਰੂ ਦੱਤਾਤ੍ਰੇਆ ਜੀ ਦੀ ਜੈ। ਉੱਤਰ ਭਾਰਤ ਦਾ ਪ੍ਰਸਿੱਧ ਸ਼ਕਤੀ ਪੀਠ ਸਿੱਧ ਸ੍ਰੀ ਬਾਬਾ ਬਾਲਕ ਨਾਥ ਜੀ ਦਿਓਟ ਸਿੱਧ (ਹਿਮਾਚਲ ਪ੍ਰਦੇਸ਼) ਧਾਰਮਿਕ ਪੱਖੋਂ ਸੰਗਤਾਂ ਦੇ ਲਈ ਬਹੁਤ ਹੀ ਮਹੱਤਵਪੂਰਨ ਅਤੇ ਈਸ਼ਟ ਪ੍ਰਤੀ ਦ੍ਰਿੜ੍ਹ ਆਸਥਾ ਦਾ ਪ੍ਰਤੀਕ / ਸਥਾਨ ਹੈ। ਇਸ ਮਹਾਨ , ਧਾਰਮਿਕ , ਪਾਵਨ ਅਤੇ ਸ਼ਕਤੀਸ਼ਾਲੀ ਅਸਥਾਨ 'ਤੇ ਚੇਤਰ ਮਹੀਨੇ ਭਗਤ - ਜਨਾਂ ਦਾ ਬਹੁਤ ਵੱਡਾ ਮੇਲਾ ਲੱਗਦਾ ਹੈ , ਜੋ ਕਿ ਆਪਣੇ ਈਸ਼ਟ ਪ੍ਰਤੀ ਉਨ੍ਹਾਂ ਦੀ ਵਿਸ਼ੇਸ਼ ਸ਼ਰਧਾ , ਆਸਥਾ ਅਤੇ ਭਾਵਨਾ ਦਾ ਪ੍ਰਤੀਕ ਹੈ।ਇਸ ਮੌਕੇ ਆਪਣੇ ਇਸ਼ਟ ਪ੍ਰਤੀ ਆਪਣੀ ਭਗਤੀ , ਆਪਣੀ ਸ਼ਰਧਾ , ਆਪਣੀ ਭਾਵਨਾ , ਆਪਣਾ ਲਗਾਓ ਅਤੇ ਆਪਣੀ ਅੰਤਰ - ਆਤਮਾ ਦੇ ਜੁੜਾਵ ਅਨੁਸਾਰ ਭਗਤ - ਜਨ ਸ਼ਰਧਾਪੂਰਵਕ ਦੰਡਵਤ , ਪੈਦਲ ਜਾਂ ਬਹੁਤੇਰੀ ਗਿਣਤੀ ਵਿੱਚ ਨੰਗੇ - ਪੈਰ ਹੀ ਮੰਦਿਰ ਤੱਕ ਜਾਂਦੇ ਹਨ ਅਤੇ ਉੱਥੇ ਜਾ ਕੇ ਆਪਣੇ ਈਸ਼ਟ ਬਾਬਾ ਜੀ ਕੋਲੋਂ ਆਪਣੀ ਅਤੇ ਆਪਣੇ ਪਰਿਵਾਰ ਦੀ ਲੰਬੀ ਉਮਰ , ਤੰਦਰੁਸਤੀ ਅਤੇ ਬਰਕਤ ਦੀ ਦੁਆ ਕਰਦੇ ਹਨ ; ਭਾਵ ਕਿ ਸਮੁੱਚੇ ਭਗਤ - ਜਨ ਇੱਕ ਵਿਸ਼ੇਸ਼ ਆਸਥਾ ਲੈ ਕੇ ਆਪਣੇ ਅਤੇ ਆਪਣੇ ਪਰਿਵਾਰ ਦੀ ਖੁਸ਼ੀ ਲਈ ਬਾਬਾ ਜੀ ਅੱਗੇ ਨਤਮ-ਸਤਕ ਹੁੰਦੇ ਹਨ , ਪ੍ਰੰਤੂ ਇਹ ਵੀ ਦੇਖਣ ਵਿੱਚ ਆ ਜਾਂਦਾ ਹੈ ਕਿ ਇਸ ਮੌਕੇ 'ਤੇ ਕਈ ਵਾਰ ਅਸੀਂ ਆਮ ਤੌਰ 'ਤੇ ਆਵਾਜਾਈ ਦੇ ਨਿਯਮਾਂ ਪ੍ਰਤੀ ਅਵੇਸਲੇ ਹੋ ਜਾਂਦੇ ਹਾਂ। ਅਸੀਂ ਟਰੈਕਟਰ - ਟਰਾਲੀਆਂ ਜਾਂ ਹੋਰ ਢੋਆ - ਢੁਆਈ ਦੇ ਵਾਹਨਾਂ 'ਤੇ ( ਜੋ ਕਿ ਸਵਾਰੀਆਂ ਲਈ ਉਪਯੁਕਤ ਨਹੀਂ ਹੈ ) ਅਤੇ ਦੋ - ਦੋ ਡੈਕਰ ਬਣਾ ਕੇ ਬਾਬਾ ਜੀ ਦੇ ਮੰਦਿਰ ਤੱਕ ਜਾਣ ਤੋਂ ਗੁਰੇਜ਼ ਨਹੀਂ ਕਰਦੇ। ਜਦੋਂਕਿ ਇਹ ਸਮੁੱਚੇ ਭਗਤ - ਜਨਾਂ ਲਈ ਖ਼ਤਰਾ ਬਣ ਸਕਦੇ ਹਨ। ਜਿੱਥੇ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਨਾ ਕਰਕੇ ਅਸੀਂ ਕੇਵਲ ਖ਼ੁਦ



ਆਪਣੀ ਜਾਨ ਜੋਖ਼ਿਮ ਵਿੱਚ ਪਾ ਲੈਂਦੇ ਹਾਂ ਤੇ ਆਪਣੇ ਪਰਿਵਾਰ ਦੀ ਜਾਨ ਜੋਖ਼ਿਮ ਵਿੱਚ ਪਾ ਲੈਂਦੇ ਹਾਂ , ਉੱਥੇ ਹੀ ਅਸੀਂ ਦੂਸਰੇ ਭਗਤ - ਜਨਾਂ ਲਈ ਵੀ ਖਤਰਾ ਬਣ ਸਕਦੇ ਹਾਂ, ਜੋ ਕਿ ਪੈਦਲ , ਨੰਗੇ - ਪੈਰ ਜਾਂ ਦੰਡਵਤ ਪ੍ਰਣਾਮ ਕਰਦੇ ਹੋਏ ਬਾਬਾ ਜੀ ਦੀ ਗੁਫਾ ਤੱਕ ਜਾਂਦੇ ਹਨ। ਭਾਵੇਂ ਕਿ ਸਮੇਂ - ਸਮੇਂ 'ਤੇ ਮੰਦਿਰ ਪ੍ਰਸ਼ਾਸਨ ਜਾਂ ਪੁਲੀਸ - ਪ੍ਰਸ਼ਾਸਨ ਵੱਲੋਂ ਜਾਗਰੂਕਤਾ ਕੀਤੀ ਜਾਂਦੀ ਹੈ ਤੇ ਇਸ ਸੰਬੰਧੀ ਭਗਤ - ਜਨਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ ; ਪਰ ਭੀੜ ਬਹੁਤੇਰੀ ਹੋਣ ਕਰਕੇ ਕਈ ਵਾਰ ਪੁਲਿਸ - ਪ੍ਰਸ਼ਾਸਨ ਵੀ ਲਾਚਾਰੀ ਮਹਿਸੂਸ ਕਰਦਾ ਹੈ ਅਤੇ ਬੇਵੱਸ ਹੋ ਕੇ ਕੇਵਲ ਤੇ ਕੇਵਲ ਵਾਹਨਾਂ ਦੇ ਚਲਾਨ ਕੱਟਣ ਦੀ ਕਾਰਵਾਈ ਕਰਦਾ ਹੈ ਤਾਂ ਜੋ ਸਾਨੂੰ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਨ ਲਈ ਥੋੜ੍ਹਾ - ਬਹੁਤ ਮਜਬੂਰ ਹੋਣਾ ਪਵੇ , ਪਰ ਇਹ ਗੱਲ ਸਹੀ ਨਹੀਂ ਹੈ। ਇਸ ਲਈ ਸਮੁੱਚੇ ਭਗਤ - ਜਨਾਂ ਨੂੰ ਬੇਨਤੀ ਹੈ ਕਿ ਜਦੋਂ ਵੀ ਬਾਬਾ ਜੀ ਦੇ ਦਰਬਾਰ ਲਈ ਜਾਣ ਤਾਂ ਜਿੱਥੇ ਸ਼ਰਧਾ ਲੈ ਕੇ ਜਾਂਦੇ ਹਨ , ਉਥੇ ਹੀ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਕੇ ਆਪਣੀ ਯਾਤਰਾ ਨੂੰ ਸੁਰੱਖਿਅਤ ਅਤੇ ਸ਼ਾਂਤਮਈ ਬਣਾਉਣ ਅਤੇ ਦੂਸਰੀ ਭਗਤ - ਜਨਾਂ ਦੇ ਲਈ ਵੀ ਸੁਰੱਖਿਆ ਮੁਹੱਈਆ ਕਰਵਾਉਣ। ਦੂਸਰੀ ਗੱਲ , ਕਈ ਵਾਰ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਅਸੀਂ ਕਾਫ਼ੀ ਲੰਮਾ ਸਫ਼ਰ ਕਰਕੇ ਦੂਰ - ਦੁਰਾਡੇ ਤੋਂ ਬਾਬਾ ਜੀ ਦੇ ਦਰਬਾਰ ਤੱਕ ਪਹੁੰਚਦੇ ਹਾਂ ; ਪ੍ਰੰਤੂ ਕਈ ਵਾਰ ਕੁਝ ਭਗਤ - ਜਨ ਕਤਾਰ ਵਿੱਚ ਖੜ੍ਹੇ ਹੋ ਕੇ ਤਰਤੀਬਵਾਰ ਮੱਥਾ ਟੇਕਣ ਲਈ ਲਾਈਨ ਵਿੱਚ ਖੜ੍ਹੇ ਹੋਣ ਦੀ ਥਾਂ ਅੱਗੇ - ਪਿੱਛੇ ਜਾਂ ਹੋਰ ਵੱਖਰੀ ਲਾਈਨ ਬਣਾ ਕੇ ਖੜ੍ਹੇ ਹੋ ਜਾਂਦੇ ਹਨ , ਜਿਸ ਨਾਲ ਕਿ ਇੱਕ - ਅੱਧੇ ਘੰਟੇ ਵਿੱਚ ਹੋਣ ਵਾਲਾ ਕੰਮ ਕਈ ਵਾਰ ਬਹੁਤ ਜ਼ਿਆਦਾ ਸਮਾਂ ਲੈ ਲੈਂਦਾ ਹੈ ਅਤੇ ਅਸੀਂ ਮੱਥਾ ਟੇਕਣ ਵਿੱਚ ਕਾਹਲੀ / ਤੇਜੀ ਵੀ ਕਰ ਦਿੰਦੇ ਹਾਂ ; ਜੋ ਕਿ ਸਹੀ ਨਹੀਂ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਜਦੋਂ ਵੀ ਅਸੀਂ ਮੱਥਾ ਟੇਕਣ ਬਾਬਾ ਜੀ ਦੇ ਦਰਬਾਰ ਵਿੱਚ ਜਾਈਏ ਤਾਂ ਪੂਰੀ ਸ਼ਰਧਾ ਨਾਲ , ਸਾਰੇ ਭਗਤ - ਜਨਾਂ ਦਾ ਸਤਿਕਾਰ ਕਰਦੇ ਹੋਏ , ਲਾਈਨ ਵਿੱਚ ਹੀ ਖੜ੍ਹੇ ਹੋ ਕੇ ਤੇ ਬਿਨਾਂ ਕਿਸੇ ਬੇਸਬਰੀ ਤੋਂ ਤੇ ਤਰਤੀਬ ਅਨੁਸਾਰ ਬਾਬਾ ਜੀ ਦੀ ਗੁਫਾ ਵਿੱਚ ਮੱਥਾ ਟੇਕੀਏ , ਨਤਮ-ਸਤਕ ਹੋਈਏ ਅਤੇ ਕੁਝ ਸਮਾਂ ਆਪਣੇ ਪਰਿਵਾਰ ਨਾਲ ਜਾਂ ਆਪਣੇ ਭਗਤ - ਜਨ ਸਾਥੀਆਂ ਨਾਲ ਬਾਬਾ ਜੀ ਦੇ ਦਰਬਾਰ ਵਿੱਚ ਅਤੇ ਬਾਬਾ ਜੀ ਦੇ ਦਰਬਾਰ ਤੋਂ ਬਾਹਰ ਅਤੇ ਹੋਰ ਨਜ਼ਦੀਕੀ ਇਲਾਕੇ ਵਿੱਚ ਘੁੰਮ - ਫਿਰ ਕੇ , ਉੱਥੋਂ ਦੇ ਇਤਿਹਾਸ ਅਤੇ ਉਥੋਂ ਦੀ ਕਥਾ ਨੂੰ ਸਮਝੀਏ , ਆਪਣੇ ਪਰਿਵਾਰ ਨੂੰ ਸਮਝਾਈਏ , ਆਪਣੇ ਬੱਚਿਆਂ ਨੂੰ ਸਮਝਾਈਏ ਤੇ ਨਵੀਆਂ ਪੀੜ੍ਹੀਆਂ ਨੂੰ ਦੱਸੀਏ ਤਾਂ ਜੋ ਸਾਨੂੰ ਬਾਬਾ ਜੀ ਨਾਲ ਜੁੜੀਆਂ ਕਹਾਣੀਆਂ , ਬਾਬਾ ਜੀ ਦੀ ਸ਼ਕਤੀ - ਮਹਾਨਤਾ , ਉਸ ਧਾਰਮਿਕ ਸਥਾਨ ਦੀ ਪਵਿੱਤਰਤਾ , ਉਸ ਧਾਰਮਿਕ ਸਥਾਨ ਦੀ ਮਹਾਨਤਾ ਬਾਰੇ ਸਾਨੂੰ ਖ਼ੁਦ ਨੂੰ ਅਤੇ ਸਾਡੇ ਪਰਿਵਾਰ ਨੂੰ , ਸੰਗਤਾਂ ਨੂੰ ਅਤੇ ਸਾਡੇ ਬੱਚਿਆਂ ਨੂੰ ਪਤਾ ਲੱਗ ਸਕੇ ਅਤੇ ਅਸੀਂ ਭਗਤੀ ਦੇ ਰੰਗ ਵਿੱਚ ਖੋਹ ਕੇ ਮਸਤ ਹੋ ਕੇ ਬਾਬਾ ਜੀ ਦੇ ਪਵਿੱਤਰ ਸਥਾਨ ਦੇ ਵਿੱਚ ਬਾਬਾ ਜੀ ਦੀ ਭਗਤੀ ਦੇ ਰੰਗ ਵਿੱਚ ਰੰਗ ਜਾਈਏ। ਇਸ ਤੋਂ ਇਲਾਵਾ ਸਾਨੂੰ ਇਹ ਵੀ ਚਾਹੀਦਾ ਹੈ ਕਿ ਕੁਝ ਕੁ ਫ਼ੋਟੋਆਂ ਖਿੱਚਣ ਤੋਂ ਇਲਾਵਾ ਮੋਬਾਇਲ ਫੋਨ ਦੀ ਵਰਤੋਂ ਨੂੰ ਉੱਥੇ ਬਿਲਕੁਲ ਬੰਦ ਕਰ ਕੀਤਾ ਜਾਵੇ ਤਾਂ ਜੋ ਸਾਡਾ ਪੂਰਨ ਧਿਆਨ ਬਾਬਾ ਜੀ ਦੀ ਭਗਤੀ , ਬਾਬਾ ਜੀ ਦੀ ਕਥਾ - ਕਹਾਣੀ , ਬਾਬਾ ਜੀ ਦੀ ਸੰਗਤ ਵਿੱਚ ਬੈਠਣ ਅਤੇ ਬਾਬਾ ਜੀ ਤੇ ਬਾਬਾ ਜੀ ਦੇ ਮਹਾਨ ਕਾਰਨਾਮਿਆਂ ਨੂੰ ਤੇ ਉਨ੍ਹਾਂ ਦੀ ਮਹਾਨਤਾ ਨੂੰ ਸਮਝਣ ਵਿੱਚ ਗੁਜ਼ਰ ਸਕੇ। ਤਦ ਹੀ ਯਾਤਰਾ ਦਾ ਅਸਲ ਲਾਭ ਮਿਲ ਸਕਦਾ ਹੈ। ਸਾਨੂੰ ਧਾਰਮਿਕ ਸਥਾਨ 'ਤੇ ਬਾਂਦਰਾਂ ਜਾਂ ਹੋਰ ਜਾਨਵਰਾਂ ਆਦਿ ਨੂੰ ਕੁਝ ਵੀ ਖਾਣ - ਪੀਣ ਦੀਆਂ ਚੀਜ਼ਾਂ ਨਹੀਂ ਦੇਣੀਆਂ ਚਾਹੀਦੀਆਂ। ਜਾਨਵਰਾਂ ਨੂੰ ਭੋਜਨ ਪਦਾਰਥ ਦੇਣ ਨਾਲ ਸਾਡਾ , ਮੰਦਿਰ ਪ੍ਰਸ਼ਾਸਨ ਦਾ ਜਾਂ ਹੋਰ ਭਗਤ - ਜਨਾਂ ਦਾ ਨੁਕਸਾਨ ਹੋ ਸਕਦਾ ਹੈ , ਜਿਸ ਬਾਰੇ ਕਿ ਵਾਰ - ਵਾਰ ਮੰਦਿਰ - ਪ੍ਰਸ਼ਾਸਨ ਵੱਲੋਂ ਵੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਭਗਤ - ਜਨ ਕੋਵਿਡ ਦੀਆਂ ਸਾਵਧਾਨੀਆਂ ਨੂੰ ਵੀ ਜ਼ਰੂਰ ਅਪਣਾਉਣ , ਤਾਂ ਜੋ ਸਮੁੱਚੇ ਭਗਤ - ਜਨ ਸੁਰੱਖਿਆ , ਸ਼ਾਂਤੀ ਤੇ ਸਕੂਨ ਨਾਲ਼ ਯਾਤਰਾ ਦਾ ਅਨੰਦ ਲੈਣ। ਜੇਕਰ ਹੋ ਸਕੇ ਤਾਂ ਕਿਸੇ ਗ਼ਰੀਬ /ਲੋੜਵੰਦ ਦੀ ਯਥਾਸੰਭਵ ਸਹਾਇਤਾ ਉੱਥੇ ਕੀਤੀ ਜਾ ਸਕਦੀ ਹੈ। ਸੋ ਸਿੱਧ ਸ੍ਰੀ ਬਾਬਾ ਬਾਲਕ ਨਾਥ ਜੀ ਦੇ ਸਾਰੇ ਮਹਾਨ ਭਗਤ - ਜਨਾਂ ਨੂੰ ਦਾਸ ਵਲੋਂ ਇਹ ਛੋਟੀ ਜਿਹੀ ਬੇਨਤੀ ਹੈ ਜੋ ਕਿ ਜ਼ਰੂਰ ਕਬੂਲ ਕਰਨੀ ਜੀ ਤਾਂ ਜੋ ਸਾਰੇ ਭਗਤ - ਜਨ ਇੱਕ - ਮਿੱਕ ਹੋ ਕੇ , ਬਿਨਾਂ ਕਿਸੇ ਭੇਦਭਾਵ ਤੇ ਡਰ ਭਾਵਨਾ ਤੋਂ , ਆਰਾਮ ਨਾਲ ਤੇ ਮੰਦਿਰ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ। ਜੈ ਬਾਬੇ ਦੀ।

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

# ਵਰਚੁਅਲ ਦੁਨੀਆ ਦੇ ਸਭ ਤੋਂ ਚਰਚਿਤ ਪਲੇਟਫਾਰਮ ਫੇਸਬੁੱਕ ਤੋਂ ਉਪਭੋਗਤਾਵਾਂ ਦੀ ਵੱਧ ਰਹੀ ਦੂਰੀ

-ਵਿਜੈ ਗਰਗ

ਵਰਚੁਅਲ ਦੁਨੀਆ ਨਾਲ ਜੁੜੇ ਬਹੁਤ ਸਾਰੇ ਵਿਹਾਰਕ ਪਹਿਲੂ ਅਤੇ ਜੋਖਮ ਲੋਕਾਂ ਨੂੰ ਇੱਥੇ ਸਮਾਂ ਬਿਤਾਉਣ ਤੋਂ ਰੋਕ ਰਹੇ ਹਨ। ਇਸ ਦੇ ਨਾਲ ਹੀ ਲੋਕ ਵਰਚੁਅਲ ਲੋਕਪ੍ਰਿਅਤਾ ਤੋਂ ਪੈਦਾ ਹੋਏ ਭੰਬਲਭੂਸੇ ਅਤੇ ਅਸਲੀਅਤ ਨੂੰ ਸਮਝਣ ਲੱਗੇ ਹਨ। ਇਸ ਅਸਲੀਅਤ ਨੂੰ ਸਮਝਣਾ ਅਤੇ ਸਵੀਕਾਰ ਕਰਨਾ ਦੋਵੇਂ ਜ਼ਰੂਰੀ ਹਨ, ਕਿਉਂਕਿ ਇਸ ਸੰਸਾਰ ਵਿੱਚ ਅਸੀਮਤ ਸਮਾਂ ਬਿਤਾਉਣ ਦੀ ਆਦਤ ਨਿੱਜੀ ਰੁਟੀਨ ਅਤੇ ਸਵੈ-ਅਨੁਸ਼ਾਸਨ ਦਾ ਮਾਮਲਾ ਹੈ।

ਹਾਲ ਹੀ ਵਿੱਚ ਪ੍ਰਸਿੱਧ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ ਦੀ ਕੰਪਨੀ ਮੇਟਾ ਨੂੰ ਅਠਾਰਾਂ ਸਾਲਾਂ ਵਿੱਚ ਪਹਿਲੀ ਵਾਰ ਵੱਡਾ ਨੁਕਸਾਨ ਹੋਇਆ ਹੈ। ਇਸਦੇ ਐਕਟਿਵ ਯੂਜ਼ਰਸ ਦੀ ਗਿਣਤੀ ਵਿੱਚ ਵੀ ਭਾਰੀ ਗਿਰਾਵਟ ਆਈ ਹੈ। ਤਾਜ਼ਾ ਰਿਪੋਰਟ ਮੁਤਾਬਕ ਫੇਸਬੁੱਕ ਦੇ ਐਕਟਿਵ ਯੂਜ਼ਰਸ ਦੀ ਸੰਖਿਆ ਹੁਣ ਤੱਕ ਹਰ ਸਾਲ ਚਾਰ ਫੀਸਦੀ ਵਧ ਰਹੀ ਹੈ। ਨਾਲ ਹੀ, ਫੇਸਬੁੱਕ ਆਪਣੀਆਂ ਵੱਖ-ਵੱਖ ਕੰਪਨੀਆਂ ਦੇ ਇਸ਼ਤਿਹਾਰਾਂ ਤੋਂ ਹਰ ਸਾਲ ਭਾਰੀ ਆਮਦਨ ਕਮਾ ਰਹੀ ਹੈ।

ਅਜਿਹੇ 'ਚ ਕੰਪਨੀ ਪਿਛਲੀ ਤਿਮਾਹੀ ਤੋਂ ਰੋਜ਼ਾਨਾ ਐਕਟਿਵ ਯੂਜ਼ਰਸ ਦੀ ਗਿਣਤੀ 'ਚ ਵਾਧੇ ਦੀ ਉਮੀਦ ਕਰ ਰਹੀ ਸੀ। ਪਰ ਇਹ ਗਿਣਤੀ ਉਮੀਦ ਅਨੁਸਾਰ ਨਹੀਂ ਵਧੀ। ਇਸ ਕਾਰਨ ਕੰਪਨੀ ਦੀ ਕਮਾਈ ਪ੍ਰਭਾਵਿਤ ਹੋਈ ਹੈ, ਜੋ ਪਿਛਲੇ ਸਾਲ ਨਾਲੋਂ ਅੱਠ ਫੀਸਦੀ ਘੱਟ ਹੈ। ਇਸਦੇ ਲਈ, ਕੰਪਨੀ ਨੇ ਨਵੇਂ ਸੋਸ਼ਲ ਮੀਡੀਆ ਪਲੇਟਫਾਰਮ ਅਤੇ ਉਹਨਾਂ ਦੁਆਰਾ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਨੂੰ ਜ਼ੰਮਿਵਾਰ ਠਹਿਰਾਇਆ ਹੈ। ਐਪਲ ਵਰਗੀਆਂ ਕੰਪਨੀਆਂ ਦੀ ਨਿੱਜਤਾ ਸੁਰੱਖਿਆ ਨੀਤੀ ਨੂੰ ਵੀ ਉਨ੍ਹਾਂ ਦੇ ਕਾਰੋਬਾਰ ਦੇ ਘਟਣ ਦਾ ਕਾਰਨ ਦੱਸਿਆ ਗਿਆ ਹੈ। ਕਿਉਂਕਿ ਇਹ ਨੀਤੀ ਲੋਕਾਂ ਦੀ ਨਿੱਜੀ ਜਾਣਕਾਰੀ ਪੂਰੀ ਤਰ੍ਹਾਂ ਸਾਂਝੀ ਨਾ ਕਰਨ ਕਾਰਨ ਇਸ਼ਤਿਹਾਰ ਦਿਖਾਉਣ ਅਤੇ ਪੈਸੇ ਕਮਾਉਣ ਵਿੱਚ ਰੁਕਾਵਟ ਬਣ ਰਹੀ ਹੈ।

ਦਰਅਸਲ, ਵਰਚੁਅਲ ਦੁਨੀਆ ਦੇ ਸਭ ਤੋਂ ਚਰਚਿਤ ਪਲੇਟਫਾਰਮ ਫੇਸਬੁੱਕ ਤੋਂ ਉਪਭੋਗਤਾਵਾਂ ਦੀ ਵਧਦੀ ਦੂਰੀ ਦੇ ਕਈ ਕਾਰਨ ਹਨ। ਹਾਲਾਂਕਿ ਕੰਪਨੀ ਆਪਣੇ ਆਰਥਿਕ ਮੁਨਾਫੇ 'ਚ ਗਿਰਾਵਟ ਦਾ ਦੋਸ਼ ਦੂਜੇ ਪਲੇਟਫਾਰਮਾਂ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਵਧਦੀ ਸੂਚੀ ਅਤੇ ਨਿੱਜੀ ਜਾਣਕਾਰੀ ਸਾਂਝੀ ਨਾ ਕਰਨ ਦੀ ਤਕਨੀਕੀ ਸੈਟਿੰਗ ਦੇ ਕਾਰਨ ਕਰ ਰਹੀ ਹੈ, ਪਰ ਇਸਦੇ ਪਿੱਛੇ ਸਮਾਜਿਕ, ਮਨੋਵਿ-ਗਿਆਨਕ ਅਤੇ ਨਿੱਜੀ ਕਾਰਨਾਂ ਦੀ ਪੂਰੀ ਸੂਚੀ ਹੈ।

ਗੋਪਨੀਯਤਾ ਦੀਆਂ ਉਲੰਘਣਾਵਾਂ ਤੋਂ, ਬੇਲੋੜੀ ਸਮਾਜ-ਵਿਰੋਧੀ ਰੁਝੇਵਿਆਂ, ਵਰਚੁਅਲ ਸਰਗਰਮੀ ਦਾ ਤਣਾਅ ਅਤੇ ਅਸਲ ਜ਼ਿੰਦਗੀ ਦੀ ਬਜਾਏ ਸਕ੍ਰੀਨ 'ਤੇ ਘੂਰ ਕੇ ਬਿਤਾਉਣ ਵਾਲੇ ਸਮੇਂ ਦੇ ਵੱਧ ਰਹੇ ਘੰਟੇ ਵੀ ਉਪਭੋਗਤਾਵਾਂ ਨੂੰ ਇਸ ਤੋਂ ਦੂਰ ਕਰ ਰਹੇ ਹਨ। ਅਮਰੀਕੀ ਮਨੋਵਿਗਿਆਨਕ ਸੰਸਥਾ ਦੇ ਅਨੁਸਾਰ, ਫੇਸਬੁੱਕ ਦੀ ਵਰਤੋਂ ਕਰਦੇ ਹੋਏ ਹੋਰ ਕੰਮ ਕਰਨ 'ਤੇ ਵਿਅਕਤੀ ਦੀ ਉਤਪਾਦਕਤਾ 40 ਪ੍ਰਤੀਸ਼ਤ ਤੱਕ ਘੱਟ ਜਾਂਦੀ ਹੈ। ਅਜਿਹੀ ਸਥਿਤੀ ਵਿੱਚ, ਨਿੱਜੀ ਜ਼ਿੰਦਗੀ ਤੋਂ ਲੈ ਕੇ ਕੰਮ ਦੇ ਮੋਰਚੇ ਤੱਕ, ਦੁਨੀਆ ਦੇ ਹਰ ਹਿੱਸੇ ਵਿੱਚ ਰਹਿਣ ਵਾਲੇ ਲੋਕ ਇਸ ਮਾਮੂਲੀ ਦੁਨੀਆ ਵਿੱਚ ਮੌਜੂਦ ਹੋਣ ਦੇ ਜੋਖਮਾਂ ਅਤੇ ਸੰਘਰਸ਼ਾਂ ਨੂੰ ਸਮਝ ਰਹੇ ਹਨ। ਨਤੀਜੇ ਵਜੋਂ, ਇਸ ਵਰਚੁਅਲ ਸੰਸਾਰ ਤੋਂ ਦੂਰ ਵੀ ਹਨ।

ਪਿਛਲੇ ਕੁਝ ਮਹੀਨਿਆਂ ਤੋਂ, ਉਪਭੋਗਤਾਵਾਂ ਨੂੰ ਇਹ ਅਹਿਸਾਸ ਹੋ ਰਿਹਾ ਹੈ ਕਿ ਮੇਟਾ ਕੰਪਨੀ ਨੇ ਫਿਲਹਾਲ ਆਪਣਾ ਧਿਆਨ ਸਿਰਫ਼ ਇਸ਼ਤਿਹਾਰਾਂ ਦੀ ਸੇਵਾ 'ਤੇ ਕੇਂਦਰਿਤ ਕੀਤਾ ਹੈ। ਇਸ ਕਾਰਨ ਇਸ ਪਲੇਟਫਾਰਮ 'ਤੇ ਆਪਣੀ ਮੌਜੂਦਗੀ ਦਰਜ ਕਰਵਾਉਣ ਵਾਲੇ ਉਪਭੋਗਤਾਵਾਂ ਦੁਆਰਾ ਸਾਂਝੀ ਕੀਤੀ ਜਾ ਰਹੀ ਸਮੱਗਰੀ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਜਾ ਰਿਹਾ ਹੈ। ਇੰਨਾ ਹੀ ਨਹੀਂ, ਫੇਸਬੁੱਕ 'ਤੇ ਨਕਾਰਾਤਮਕ ਅਤੇ ਨਫਰਤ ਵਾਲੀ ਸਮੱਗਰੀ ਫੈਲਾਉਣ ਲਈ ਨਿੱਜੀ ਜਾਣਕਾਰੀ ਸਾਂਝੀ ਕਰਨ ਅਤੇ ਮਨੁੱਖੀ ਤਸਕਰੀ ਦੀ ਸਮੱਸਿਆ ਨਾਲ ਜੁੜੇ ਦੋਸ਼ ਵੀ ਲਗਾਏ ਗਏ ਹਨ। ਸਾਡੇ ਦੇਸ਼ ਵਿੱਚ, ਇਹ ਮਾਧਿਅਮ ਫਰਜ਼ੀ ਖ਼ਬਰਾਂ ਅਤੇ ਨਕਾਰਾਤਮਕ ਟਿੱਪਣੀਆਂ ਲਈ ਵੀ ਬਹੁਤ ਚਰਚਾ ਵਿੱਚ ਹੈ।

ਵੱਡੀ ਗਿਣਤੀ ਵਿੱਚ ਉਪਭੋਗਤਾ ਇਸ ਪਲੇਟਫਾਰਮ ਦੀ ਵਰਤੋਂ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਮ 'ਤੇ ਇੱਕ ਗੰਧਲਾ ਮਾਹੌਲ ਬਣਾਉਣ ਲਈ ਵੀ ਕਰ ਰਹੇ ਹਨ। ਔਖੇ ਪਲਾਂ ਵਿੱਚ ਵੀ, ਇੱਥੇ ਦਿਖਾਈ ਦੇਣ ਵਾਲੀ ਵਿਚਾਰਧਾਰਕ ਦੁਵਿਧਾ ਅਸਲ ਸੰਸਾਰ ਵਿੱਚ ਸਮਾਜਿਕ-ਪਰਿਵਾਰਕ ਮਾਹੌਲ ਵਿੱਚ ਵੀ ਦਿਸ਼ਾਹੀਣਤਾ ਨੂੰ ਵਧਾ ਰਹੀ ਹੈ। ਅਜਿਹੀਆਂ ਕਈ ਚੀਜ਼ਾਂ ਦੀ ਲੰਬੀ ਲਿਸਟ ਹੈ, ਜੋ ਲੋਕਾਂ ਦਾ ਭਰੋਸਾ ਖੋਹ ਰਹੀਆਂ ਹਨ। ਨਤੀਜੇ ਵਜੋਂ, ਉਪਭੋਗਤਾ ਇਸ ਪਲੇਟਫਾਰਮ ਤੋਂ ਦੂਰੀ ਬਣਾ ਰਹੇ ਹਨ। ਹਾਲਾਂਕਿ, ਭਾਰਤ ਵਿੱਚ, ਲੰਬੇ ਸਮੇਂ ਤੋਂ, ਇੱਕ ਵੱਡਾ ਵਰਗ ਸੋਸ਼ਲ ਮੀਡੀਆ ਤੋਂ ਦੂਰੀ ਬਣਾਉਣ ਵੱਲ ਵਧ ਰਿਹਾ ਹੈ। ਕੁਝ ਸਮਾਂ ਪਹਿਲਾਂ ਡਿਜੀਟਲ ਮਾਰਕੀਟਿੰਗ ਕੰਪਨੀ ਰੀਬੂਟ ਔਨਲਾਈਨ ਦੇ ਇੱਕ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਸੀ ਕਿ ਹਰ ਮਹੀਨੇ ਲਗਭਗ ਪੰਜ ਲੱਖ ਲੋਕ ਸੋਸ਼ਲ ਮੀਡੀਆ ਤੋਂ ਦੂਰੀ ਬਣਾਉਣਾ ਚਾਹੁੰਦੇ ਹਨ।

ਇਸ ਦੇ ਨਾਲ ਹੀ ਇੱਕ ਪਹਿਲੂ ਇਹ ਵੀ ਹੈ ਕਿ ਫੇਸਬੁੱਕ ਵਰਗੇ ਵਰਚੁਅਲ ਪਲੇਟਫਾਰਮ ਵੀ ਸਮਾਂ ਕੱਢਣ ਦਾ ਸਾਧਨ ਹਨ। ਇਸ ਸਮਾਜ-ਵਿਰੋਧੀ ਅਤੇ ਆਡੰਬਰ ਭਰੀ ਦੁਨੀਆਂ ਤੋਂ ਦੂਰ ਹੋਣ ਦਾ ਇੱਕ ਵੱਡਾ ਕਾਰਨ ਇੱਥੇ ਬਿਤਾਏ ਸਮੇਂ ਨੂੰ ਚੰਗੇ ਕੰਮਾਂ ਲਈ ਵਰਤਣ ਦੀ ਸਮਝ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਪਿਛਲੇ ਦੋ ਸਾਲਾਂ ਵਿੱਚ, ਕੋਵਿਡ ਦੇ ਦੌਰ ਵਿੱਚ ਬਦਲੀ ਹੋਈ ਜੀਵਨ ਸ਼ੈਲੀ ਨੇ ਸਕ੍ਰੀਨ ਦੀ ਦੁਨੀਆ ਵਿੱਚ ਲੋਕਾਂ ਦੀ ਮੌਜੂਦਗੀ ਦਾ ਸਮਾਂ ਵਧਾ ਦਿੱਤਾ ਹੈ। ਸਕੂਲ, ਦਫਤਰ ਜਾਂ ਹੋਰ ਚੀਜ਼ਾਂ ਨਾਲ ਜੁੜੀ ਜਾਣਕਾਰੀ ਇਕੱਠੀ ਕਰਨ ਦੀ ਗੱਲ ਹੋਵੇ ਜਾਂ ਆਮ ਰੁਟੀਨ ਨਾਲ ਜੁੜੀਆਂ ਅੜਚਨਾਂ ਸਾਂਝੀਆਂ ਕਰਨ ਦੇ ਵਿਵਹਾਰ ਦੀ ਗੱਲ ਹੋਵੇ, ਵਰਚੁਅਲ ਦੁਨੀਆ ਵਿਚ ਕਾਫੀ ਸਮਾਂ ਬੀਤ ਰਿਹਾ ਸੀ।

ਪਰ ਹੁਣ ਆਮ ਲੋਕ ਇਹ ਜਾਣਣ ਅਤੇ ਮੰਨਣ ਲੱਗ ਪਏ ਹਨ ਕਿ ਚਾਹੇ ਲੋੜ ਹੋਵੇ ਜਾਂ ਛੁੱਟੀ, ਹਰ ਸਮੇਂ ਆਨਲਾਈਨ ਰਹਿਣ ਦੀ ਆਦਤ ਕਈ ਬਿਮਾਰੀਆਂ ਦਾ ਕਾਰਨ ਬਣ ਗਈ ਹੈ। ਲਾਈਫਲਾਕ ਦੀ ਨੌਰਟਨ ਸਾਈਬਰ ਸੇਫਟੀ-2021 ਇਨਸਾਈਟ ਰਿਪੋਰਟ ਦੇ ਅਨੁਸਾਰ, ਜੋ ਕਿ ਪਿਛਲੇ ਦਿਨੀਂ ਆਈ ਸੀ, ਕੋਵਿਡ ਮਹਾਮਾਰੀ ਦੇ ਕਾਰਨ, ਹਰ ਤਿੰਨ ਵਿੱਚੋਂ ਦੋ ਯਾਨੀ ਸੱਠ ਫੀਸਦੀ ਲੋਕਾਂ ਨੂੰ ਆਨਲਾਈਨ ਹੋਣ ਦੀ ਆਦਤ ਪੈ ਗਈ ਹੈ।

ਰਿਪੋਰਟ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ ਭਾਰਤ ਵਿੱਚ ਬਾਲਗ ਕੰਮ ਜਾਂ ਅਕਾਦਮਿਕ ਗਤੀਵਿਧੀਆਂ ਦੀ ਬਜਾਏ ਸਕ੍ਰੀਨ ਦੇ ਸਾਹਮਣੇ ਰੋਜ਼ਾਨਾ ਔਸਤਨ 4.4 ਘੰਟੇ ਬਿਤਾਉਂਦੇ ਹਨ। ਨਾਲ ਹੀ, ਦਸ ਵਿੱਚੋਂ ਅੱਠ ਲੋਕਾਂ, ਭਾਵ ਬਿਆਸੀ ਪ੍ਰਤੀਸ਼ਤ ਨੇ ਮੰ-ਨਿਆ ਕਿ ਉਹ ਕੋਰੋਨਾ ਮਹਾਂਮਾਰੀ ਦੌਰਾਨ ਪੜ੍ਹਾਈ ਜਾਂ ਕੰਮ ਦੀ ਬਜਾਏ ਫ਼ੋਨ 'ਤੇ ਜ਼ਿਆਦਾ ਸਮਾਂ ਬਿਤਾ ਰਹੇ ਹਨ। ਇਸ ਅਧਿਐਨ ਵਿਚ 72 ਫੀਸਦੀ ਭਾਰਤੀ ਬਾਲਗਾਂ ਦਾ ਮੰਨਣਾ ਹੈ ਕਿ ਸਕ੍ਰੀਨ ਦੇ ਸਾਹਮਣੇ ਜ਼ਿਆਦਾ ਸਮਾਂ ਬਿਤਾਉਣ ਨਾਲ ਉਨ੍ਹਾਂ ਦੀ ਸਰੀਰਕ ਸਿਹਤ 'ਤੇ ਅਸਰ ਪੈ ਰਿਹਾ ਹੈ। ਇਸ ਦੇ ਨਾਲ ਹੀ ਪੰਜਾਹ ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਇਸ ਨਾਲ ਮਾਨਸਿਕ ਸਿਹਤ ਵੀ ਕਾਫੀ ਪ੍ਰਭਾਵਿਤ ਹੋਈ ਹੈ।

ਫੀਲਗੁਡ ਕਾਂਟੈਕਟ, ਯੂਕੇ ਦੇ ਅੰਕੜਿਆਂ ਦੇ ਅਨੁਸਾਰ, ਭਾਰਤ ਵਿੱਚ ਕੋਰੋਨਾ ਦੀ ਮਿਆਦ ਦੇ ਦੌਰਾਨ ਵਧੇ ਹੋਏ ਸਕ੍ਰੀਨ ਸਮੇਂ ਅਤੇ ਦ੍ਰਿਸ਼ਟੀਹੀਣਤਾ ਦੇ ਵਿੱਚ ਇੱਕ ਮਜ਼ਬੂਤ ਸਬੰਧ ਰਿਹਾ ਹੈ। ਅੱਖਾਂ ਦੀ ਰੋਸ਼ਨੀ ਦੀ ਕਮੀ ਅਤੇ ਨਜ਼ਰ ਦੀ ਕਮੀ ਦੀਆਂ ਸ਼ਿਕਾਇਤਾਂ ਦੇ ਮਾਮਲੇ ਵਿੱਚ ਭਾਰਤ ਦੁਨੀਆ ਦੀ ਸੂਚੀ ਵਿੱਚ ਪਹਿਲੇ ਸਥਾਨ 'ਤੇ ਆ ਗਿਆ ਹੈ। ਲਗਭਗ 275 ਮਿਲੀਅਨ ਭਾਰਤੀ, ਜਾਂ ਸਾਡੀ ਆਬਾਦੀ ਦਾ ਲਗਭਗ 23 ਪ੍ਰਤੀਸ਼ਤ, ਬਹੁਤ ਜ਼ਿਆਦਾ ਸਕ੍ਰੀਨ ਸਮੇਂ ਕਾਰਨ ਦ੍ਰਿਸ਼ਟੀਹੀਣਤਾ ਤੋਂ ਪੀੜਤ ਹਨ। ਧਿਆਨ ਦੇਣ ਯੋਗ ਹੈ ਕਿ ਫੀਲਗੁਡ ਕਾਂਟੈਕਟ ਨੇ ਇਹ ਡੇਟਾ ਲੈਂਸੇਟ ਗਲੋਬਲ ਹੈਲਥ, ਡਬਲਯੂਐਚਓ ਅਤੇ ਸਕ੍ਰੀਨਟਾਈਮ ਟ੍ਰੈਕਰ ਡੇਟਾ ਰਿਪੋਰਟ ਦੇ ਜ਼ਰੀਏ ਇਕੱਠਾ ਕੀਤਾ ਹੈ।

ਦਰਅਸਲ, ਵਰਚੁਅਲ ਦੁਨੀਆ ਨਾਲ ਜੁੜੇ ਬਹੁਤ ਸਾਰੇ ਵਿਹਾਰਕ ਪਹਿਲੂ ਅਤੇ ਜੋਖਮ ਲੋਕਾਂ ਨੂੰ ਇੱਥੇ ਸਮਾਂ ਬਿਤਾਉਣ ਤੋਂ ਰੋਕ ਰਹੇ ਹਨ। ਇਸ ਦੇ ਨਾਲ ਹੀ ਲੋਕ ਵਰਚੁਅਲ ਲੋਕਪ੍ਰਿਅਤਾ ਤੋਂ ਪੈਦਾ ਹੋਏ ਭੰਬਲਭੂਸੇ ਅਤੇ ਅਸਲੀਅਤ ਨੂੰ ਸਮਝਣ ਲੱਗੇ ਹਨ। ਇਸ ਅਸਲੀਅਤ ਨੂੰ ਸਮਝਣਾ ਅਤੇ ਸਵੀਕਾਰ ਕਰਨਾ ਦੋਵੇਂ ਜ਼ਰੂਰੀ ਹਨ, ਕਿਉਂਕਿ ਇਸ ਸੰਸਾਰ ਵਿੱਚ ਅਸੀਮਤ ਸਮਾਂ ਬਿਤਾਉਣ ਦੀ ਆਦਤ ਨਿੱਜੀ ਰੁਟੀਨ ਅਤੇ ਸਵੈ-ਅਨੁਸ਼ਾਸਨ ਦਾ ਮਾਮਲਾ ਹੈ। ਹਰ ਉਮਰ ਵਰਗ ਦੇ ਲੋਕਾਂ ਲਈ ਔਨ-ਸਕ੍ਰੀਨ ਅਤੇ ਔਫ਼-ਸਕ੍ਰੀਨ ਸਮੇਂ ਵਿਚਕਾਰ ਇੱਕ ਸਿਹਤਮੰਦ ਸੰਤੁਲਨ ਬਣਾਈ ਰੱਖਿਆ ਜਾਂਦਾ ਹੈ, ਜਦੋਂ ਕਿ ਵਰਚੁਅਲ ਸਮਾਜੀਕਰਨ ਅਤੇ ਅਸਲ-ਸੰਸਾਰ ਦੇ ਆਪਸੀ ਤਾਲਮੇਲ ਵਿਚਕਾਰ ਵੀ ਸੰਤੁਲਨ ਹੁੰਦਾ ਹੈ।

ਹਾਰਵਰਡ ਯੂਨੀਵਰਸਿਟੀ ਦੀ ਇੱਕ ਰਿਪੋਰਟ ਦੇ ਅਨੁਸਾਰ, ਲੋਕਾਂ ਨੂੰ ਸ਼ੁਰੂ ਵਿੱਚ ਕਨੈਕਟੀਵਿਟੀ ਵਧਾਉਣ ਅਤੇ ਦੁਨੀਆ ਭਰ ਦੇ ਲੋਕਾਂ ਨਾਲ ਜੁੜਨ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਨਾਲ ਜੋੜਿਆ ਗਿਆ ਸੀ। ਪਰ ਹੌਲੀ-ਹੌਲੀ ਉਹ ਆਪਣੀ ਜ਼ਿੰਦਗੀ ਤੋਂ ਦੂਰ ਹੋਣ ਲੱਗਾ। ਆਪਣੀ ਜ਼ਿੰਦਗੀ ਤੋਂ ਵਧਦੀ ਦੂਰੀ ਦਾ ਖਾਮਿਆਜ਼ਾ ਹੁਣ ਡੂੰਘਾਈ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ। ਅਸਲ ਵਿੱਚ, ਵਰਚੁਅਲ ਫੋਰਮ ਅਸਲ ਵਿੱਚ ਲੋਕਾਂ ਨੂੰ ਅਸਲ ਜੀਵਨ ਤੋਂ ਦੂਰ ਲੈ ਗਏ ਹਨ. ਅਜਿਹੇ 'ਚ ਜਦੋਂ ਇਕ-ਦੂਜੇ ਦੀਆਂ ਪੋਸਟਾਂ, ਸੂਚਨਾਵਾਂ ਅਤੇ ਸੂਚਨਾਵਾਂ ਵਰਚੁਅਲ ਪਲੇਟਫਾਰਮ 'ਤੇ ਜੁੜੇ ਲੋਕਾਂ ਤੱਕ ਵੀ ਨਹੀਂ ਪਹੁੰਚ ਰਹੀਆਂ ਹਨ, ਤਾਂ ਇਹ ਨਿਰਾਸ਼ਾ ਵੱਧ ਜਾਂਦੀ ਹੈ।

ਦੁਨੀਆ ਭਰ ਦੇ ਲੱਖਾਂ ਉਪਭੋਗਤਾ ਲੰਬੇ ਸਮੇਂ ਤੋਂ ਸ਼ਿਕਾਇਤ ਕਰ ਰਹੇ ਹਨ ਕਿ ਫੇਸਬੁੱਕ ਨੇ ਉਹਨਾਂ ਦੁਆਰਾ ਸਾਂਝੀ ਕੀਤੀ ਸਮੱਗਰੀ ਦੀ ਪਹੁੰਚ ਨੂੰ ਕਾਫ਼ੀ ਹੱਦ ਤੱਕ ਘਟਾ ਦਿੱਤਾ ਹੈ। ਇਹੀ ਕਾਰਨ ਹੈ ਕਿ ਹਾਲੀਆ ਰਿਪੋਰਟਾਂ ਮੁਤਾਬਕ 2004 'ਚ ਫੇਸਬੁੱਕ ਦੇ ਲਾਂਚ ਹੋਣ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਯੂਜ਼ਰਸ ਦੀ ਗਿਣਤੀ ਅਤੇ ਕੰਪਨੀ ਦੀ ਕਮਾਈ ਦੋਵਾਂ 'ਚ ਕਮੀ ਆਈ ਹੈ। ਚੰਗੀ ਖ਼ਬਰ ਇਹ ਹੈ ਕਿ ਇਸ ਕਮੀ ਦੇ ਪਿੱਛੇ ਕਈ ਕਾਰਨਾਂ ਦੀ ਸੂਚੀ ਵਿਚ ਲੋਕਾਂ ਦਾ ਅਸਲ ਜ਼ਿੰਦਗੀ ਵੱਲ ਮੁੜਨਾ ਵੀ ਇਕ ਅਹਿਮ ਕਾਰਨ ਹੈ।

## ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਲਈ ਸਕੂਲਾਂ, ਦਫਤਰਾਂ ਅਤੇ ਅਫਸਰਾਂ ਦੇ ਘਿਰਾਓ ਕੀਤਾ ਜਾਵੇਗਾ: ਲੱਖਾ ਸਿਧਾਣਾ

ਮੋਗਾ 2 ਮਾਰਚ ( ਗਿਆਨ ਸਿੰਘ ) ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੀ ਕੈਨੇਡਾ ਇਕਾਈ ਵੱਲੋਂ ਅੱਜ ਫਰੀਡਮ ਫਾਈਟਰ ਭਵਨ ਸ਼ਹੀਦ ਭਗਤ ਸਿੰਘ ਮਾਰਕੀਟ ਮੋਗਾ ਵਿਖੇ ਇੱਕ ਵਿਸ਼ਾਲ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ ਭਰ ਤੋਂ ਭਾਈਚਾਰੇ ਦੀਆਂ ਇਕਾਈਆਂ ਦੇ ਮੈਂਬਰਾਂ, ਲੇਖਕਾਂ, ਬੁੱਧੀਜੀਵੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਹਿੱਸਾ ਲਿਆ। ਇਸ ਸਮਾਗਮ ਵਿੱਚ ਪੰਜਾਬੀ ਮਾਂ ਬੋਲੀ ਦੀ ਬਿਹਤਰੀਨ ਸੇਵਾਵਾਂ ਕਰਨ ਬਦਲੇ ਮੋਗਾ ਇਕਾਈ ਦੇ ਸੰਚਾਲਕ ਮਹਿੰਦਰ ਪਾਲ ਲੂੰਬਾ, ਉਘੀ ਲੇਖਿਕਾ ਦਵਿੰਦਰ ਕੌਰ ਸੈਣੀ ਅਤੇ ਸੰਗਰੂਰ ਇਕਾਈ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਬੱਤ ਦਾ ਭਲਾ ਮੋਗਾ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਮਾਂ ਬੋਲੀ ਸਬੰਧੀ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ।

ਇਸ ਮੌਕੇ ਆਪਣੇ ਸੰਬੋਧਨ ਦੌਰਾਨ ਕੈਨੇਡਾ ਇਕਾਈ ਦੇ ਸੰਚਾਲਕ ਕੁਲਦੀਪ ਸਿੰਘ ਨੇ ਕੈਨੇਡਾ ਇਕਾਈ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਲਈ ਕੀਤੀਆਂ ਗਈਆਂ ਗਤੀਵਿਧੀਆਂ ਦੀ ਜਾਣਕਾਰੀ ਦਿੰਦਿਆ ਕਿਹਾ ਕਿ ਸਾਨੂੰ ਸਭ ਨੂੰ ਆਪਣੀ ਮਾਂ ਬੋਲੀ ਨੂੰ ਬਚਾਉਣ ਲਈ ਆਪੋ ਆਪਣਾ ਯੋਗਦਾਨ ਪਾਉਣਾ ਪਵੇਗਾ, ਨਹੀਂ ਤਾਂ ਮਾਹਿਰਾਂ ਅਨੁਸਾਰ ਅਗਲੇ 30 ਸਾਲਾਂ ਵਿੱਚ ਪੰਜਾਬੀ ਭਾਸ਼ਾ ਖਤਮ ਹੋ ਜਾਵੇਗੀ। ਇਸ ਲਈ ਸਾਨੂੰ ਆਪਣੇ ਬੱਚਿਆਂ ਨਾਲ ਅਤੇ ਪਰਿਵਾਰ ਨਾਲ ਗੱਲਬਾਤ ਪੰਜਾਬੀ ਵਿੱਚ ਕਰਨੀ ਚਾਹੀਦੀ ਹੈ ਅਤੇ ਪੰਜਾਬੀ ਬੋਲਣ ਵਿੱਚ ਸਾਨੂੰ ਫਖਰ ਮਹਿਸੂਸ ਕਰਨਾ ਚਾਹੀਦਾ ਹੈ।ਇਸ ਮੌਕੇ ਸਮਾਜ ਸੇਵੀ ਲੱਖਾ ਸਿਧਾਣਾ ਨੇ ਕਿਹਾ ਕਿ ਅਸੀਂ ਕਾਨਫਰੰਸਾਂ ਬਹੁਤ ਕਰ ਲਈਆਂ, ਹੁਣ ਵੇਲਾ ਕੁੱਝ ਕਰਨ ਦਾ ਹੈ। ਮੇਰੇ ਤੇ ਬੋਰਡਾਂ ਤੇ ਕਾਲਖ ਮਲਣ ਬਦਲੇ ਮੇਰੇ ਤੇ 16 ਪਰਚੇ ਦਰਜ ਹੋਏ ਹਨ ਤੇ ਮੈਂ ਸਾਢੇ ਤਿੰਨ ਮਹੀਨੇ ਜੇਲ੍ਹ ਵਿੱਚ ਵੀ ਰਿਹਾ ਹਾਂ। ਮੈਂ ਹੁਣ ਵੀ ਹਰ ਕੁਰਬਾਨੀ ਲਈ ਤਿਆਰ ਹਾਂ। ਇਸ ਲਈ ਅਸੀਂ ਜਿਲ੍ਹਾ ਟੀਮਾਂ ਤਿਆਰ ਕਰ ਰਹੇ ਹਾਂ ਤੇ ਬਹੁਤ ਜਲਦ ਪੰਜਾਬੀ ਭਾਸ਼ਾ ਨੂੰ ਲਾਗੂ ਨਾ ਕਰਨ ਵਾਲੇ ਸਕੂਲਾਂ, ਦਫਤਰਾਂ ਅਤੇ ਅਫਸਰਾਂ ਦਾ ਘਿਰਾਓ ਸ਼ੁਰੂ ਕੀਤਾ ਜਾਵੇਗਾ।ਇਸ ਮੌਕੇ ਉਘੇ ਲੇਖਕ ਹਰਦੀਪ ਸਿੰਘ ਘੜਿਆਲ, ਮਹਿੰਦਰ ਸਿੰਘ ਸੇਖੋਂ, ਗੁਰਪ੍ਰੀਤ ਸਿੰਘ ਨਿਆਮੀਆਂ, ਸੁਖਦੇਵ ਸਿੰਘ ਲਾਜ, ਦਵਿੰਦਰ ਸੇਖਾ, ਪ੍ਰਿੰ ਸੁਰਜੀਤ ਸਿੰਘ ਦੌਧਰ, ਹਰਬੰਸ ਅਖਾੜਾ, ਅਮਰ ਘੋਲੀਆ, ਜਗਤਾਰ ਬੈਂਸ, ਗੁਰਮੀਤ ਸਿੰਘ ਬੈਦਵਾਣ, ਅਮਰ ਸੂਫੀ, ਬੇਅੰਤ ਕੌਰ ਗਿੱਲ, ਪ੍ਰੇਮ ਕੁਮਾਰ, ਕ੍ਰਿਸ਼ਨ ਪ੍ਰਤਾਪ, ਪ੍ਰੋ ਇੰਦਰਪਾਲ ਸਿੰਘ, ਦਰਸ਼ਨ ਦੋਸਾਂਝ, ਸੁਰਜੀਤ ਕੌਰ, ਕਰਮ ਸਿੰਘ ਜਖਮੀ, ਪ੍ਰੋ ਨਰਿੰਦਰ ਸਿੰਘ, ਮੂਲ ਚੰਦ ਸ਼ਰਮਾ, ਗੁਰਚਰਨ ਸਿੰਘ ਬਸਿਆਲਾ, ਹਰਬਖਸ਼ ਗ੍ਰੇਵਾਲ, ਗੁਰਿੰਦਰਪਾਲ ਸਿੰਘ, ਪ੍ਰੋ ਕਰਮ ਸਿੰਘ ਸੰਧੂ, ਹੰਸਰਾਜ ਮੋਫਰ ਆਦਿ ਨੇ ਵੀ ਪੰਜਾਬੀ ਭਾਸ਼ਾ ਨੂੰ ਸਖਤੀ ਨਾਲ ਲਾਗੂ ਕਰਵਾਉਣ ਲਈ ਆਪੋ ਆਪਣੇ ਸੁਝਾਅ ਦਿੱਤੇ ਅਤੇ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਹਰ ਸੇਵਾ ਦੇਣ ਅਤੇ ਕੁਰਬਾਨੀ ਕਰਨ ਦਾ ਵਾਅਦਾ ਕੀਤਾ। ਸਮਾਗਮ ਦੀ ਸਮਾਪਤੀ ਮੌਕੇ ਮਿੱਤਰਸੇਨ ਮੀਤ ਨੇ ਕਿਹਾ ਅਸੀਂ ਸਭ ਦੇ ਸੁਝਾਅ ਦਰਜ ਕਰ ਲਏ ਹਨ ਤੇ ਬਹੁਤ ਜਲਦ ਸੁਝਾਵਾਂ ਮੁਤਾਬਿਕ ਅਗਲੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ ਤੇ ਆਉਣ ਵਾਲੇ ਦਿਨਾਂ ਵਿੱਚ ਸਰਗਰਮੀਆਂ ਤੇਜ ਕੀਤੀਆਂ ਜਾਣਗੀਆਂ। ਅੰਤ ਵਿੱਚ ਮੋਗਾ ਇਕਾਈ ਦੇ ਸੰਚਾਲਕ ਮਹਿੰਦਰ ਪਾਲ ਲੂੰਬਾ ਨੇ ਪੰਜਾਬ ਭਰ ਵਿੱਚੋਂ ਆਏ ਮਹਿਮਾਨਾਂ ਦਾ ਜੀ ਆਇਆਂ ਕਹਿੰਦੇ ਹੋਏ ਸਭ ਦਾ ਧੰਨਵਾਦ ਕੀਤਾ।

## ਜਾਨ ਬਚਾਉਣ ਲਈ ਮਨਦੀਪ ਤਿੰਨ ਦਿਨ ਪੈਦਲ ਤੁਰਦਾ ਰਿਹਾ

ਜ਼ੀਰਕਪੁਰ, 2 ਮਾਰਚ (ਪੋਸਟ ਬਿਊਰੋ)- ਯੂਕਰੇਨ ਵਿੱਚ ਫਸੇ ਵਿਦਿਆਰਥੀਆਂ ਦੀ ਹਾਲਤ ਕੇਂਦਰ ਸਰਕਾਰ ਵੱਲੋਂ ਕੀਤੇ ਜਾਂਦੇ ਦਾਅਵਿਆਂ ਤੋਂ ਬਿਲਕੁੱਲ ਵੱਖਰੀ ਹੈ। ਯੂਕਰੇਨ ਵਿੱਚ ਫਸੇ ਲੋਕਾਂ ਦੀ ਮਦਦ ਨੂੰ ਕੋਈ ਨਹੀਂ ਪਹੁੰਚਦਾ।

ਇੱਥੋਂ ਦੇ ਪਿੰਡ ਲੋਹਗੜ੍ਹ ਦਾ ਵਾਸੀ ਮਨਦੀਪ ਸਿੰਘ ਕੀਵ ਵਿੱਚ ਚਾਰ ਮਹੀਨੇ ਪਹਿਲਾਂ ਪੜ੍ਹਨ ਲਈ ਗਿਆ ਸੀ। ਜੰਗ ਲੱਗਣ ਕਰਕੇ ਉਹ ਵੀ ਉਥੇ ਫਸ ਗਿਆ। ਮਨਦੀਪ ਦੇ ਪਰਵਾਰ ਨੇ ਕੱਲ੍ਹ ਦੱਸਿਆ ਕਿ ਜੰਗ ਲੱਗਣ ਪਿੱਛੋਂ ਉਸ ਨੂੰ ਆਪਣੇ ਨਾਲ ਪੜ੍ਹਦੇ ਛੇ ਵਿਦਿਆਰਥੀਆਂ ਸਮੇਤ ਕੀਵ ਛੱਡਣਾ ਪਿਆ। ਮਨਦੀਪ ਆਪਣੀ ਜਾਨ ਬਚਾਉਣ ਲਈ ਆਪਣੇ ਸਾਥੀਆਂ ਦੇ ਨਾਲ ਪੈਦਲ ਪੋਲੈਂਡ ਲਈ ਚੱਲ ਗਿਆ। ਮਨਦੀਪ ਦੇ ਵੱਡੇ ਭਰਾ ਸੁਖਵੰਤ ਸਿੰਘ ਨੇ ਦੱਸਿਆ ਕਿ ਉਹ ਤਿੰਨ ਦਿਨ ਚੱਲ ਕੇ ਪੋਲੈਂਡ ਦੀ ਹੱਦ ਉੱਤੇ ਪਹੁੰ- ਚਿਆ, ਪਰ ਹੱਦ ਬੰਦ ਹੋਣ ਕਾਰਨ ਉਹ ਉਥੇ ਫਸਿਆ ਹੋਇਆ ਹੈ। ਉਸ ਦਾ ਫੋਨ ਨਹੀਂ ਮਿਲ ਰਿਹਾ। ਪਰ ਉਹ ਵ੍ਹਟਸਐਪ ਉੱਤੇ ਮੈਸੇਜ ਭੇਜ ਰਿਹਾ ਹੈ। ਉਹ ਤਿੰਨ ਦਿਨ ਭੁੱਖੇ ਰਹਿਣ ਮਗਰੋਂਮਨਫੀ ਪੰਜ ਡਿਗਰੀ ਤਾਪਮਾਨ ਵਿੱਚ ਸਫਰ ਕਰਦਾ ਰਿਹਾ। ਸੁਖਵੰਤ ਸਿੰਘ ਨੇ ਦੱਸਿਆ ਕਿ ਇਸ ਬਾਰੇ ਉਹ ਵਾਰ-ਵਾਰ ਪੰਜਾਬ ਅਤੇ ਕੇਂਦਰ ਸਰਕਾਰ ਅਤੇ ਜ਼ਿਲ੍ਹਾ ਮੁਹਾਲੀ ਦੇ ਹੈਲਪ ਲਾਈਨ ਨੰਬਰ ਰਾਹੀਂ ਮਨਦੀਪ ਅਤੇ ਉਸ ਦੇ ਸਾਥੀਆਂ ਨੂੰ ਬਚਾਉਣ ਦੀ ਅਪੀਲ ਕਰ ਰਹੇ ਹਨ, ਜਿਨ੍ਹਾਂ ਮਦਦ ਦਾ ਭਰੋਸਾ ਦਿੱਤਾ ਗਿਆ ਹੈ, ਪਰ ਹਾਲੇ ਤਕ ਕੁਝ ਨਹੀਂ ਹੋਇਆ। ਮਨਦੀਪ ਨੇ ਦੱਸਿਆ ਕਿ ਯੂਕਰੇਨ ਵਿੱਚ ਭਾਰਤੀ ਦੂਤਾਵਾਸ ਵੀ ਉਨ੍ਹਾਂ ਦੀ ਸਾਰ ਨਹੀਂ ਲੈ ਰਿਹਾ। ਉਨ੍ਹਾਂ ਮੰਗ ਕੀਤੀ ਕਿ ਭਾਰਤ ਸਰਕਾਰ ਨੂੰ ਯੂਕਰੇਨ ਦੇ ਗੁਆਂਢੀ ਦੇਸ਼ਾਂ ਨਾਲ ਰਾਬਤਾ ਕਾਇਮ ਕਰ ਉਨ੍ਹਾਂ ਦੇ ਬਾਰਡਰ ਖੁਲ੍ਹਵਾਉਣੇ ਚਾਹੀਦੇ ਹਨ।

## ਗਲਫ ਦੇਸ਼ਾਂ ਨੂੰ ਚੌਲਾਂ ਓਹਲੇ ਭੇਜੇ ਜਾਂਦੇ ਲਾਲ ਚੰਦਨ ਦੇ ਸੱਤ ਕੰਟੇਨਰ ਫੜੇ

### * ਲੁਧਿਆਣੇ ਤੋਂ ਪਾਸ ਕੰਟੇਨਰ ਮੁਦਰਾ ਪੋਰਟ ਉੱਤੇ ਜ਼ਬਤ



ਲੁਧਿਆਣਾ, 2 ਮਾਰਚ (ਪੋਸਟ ਬਿਊਰੋ)- ਗਲਫ ਦੇਸ਼ਾਂ ਨੂੰ ਚਾਵਲ ਐਕਸਪੋਰਟ ਕਰਨ ਵਾਲੀ ਇੱਕ ਫਰਮ ਨੇ ਕਸਟਮ ਅਧਿਕਾਰੀਆਂ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਚੌਲਾਂ ਦੇ ਕੰਟੇਨਰਾਂ ਵਿੱਚ ਲਾਲ ਚੰਦਨ ਦੀ ਲੱਕੜ ਭੇਜਣ ਦਾ ਯਤਨ ਕੀਤਾ, ਪਰ ਮੁਦਰਾ ਪੋਰਟ ਉੱਤੇ ਚੈਕਿੰਗ ਦੌਰਾਨ ਅਧਿਕਾਰੀਆਂ ਨੇ ਇਨ੍ਹਾਂ ਕੰਟੇਨਰਾਂ ਨੂੰ ਜ਼ਬਤ ਕਰ ਲਿਆ। ਜ਼ਬਤ ਕੀਤੀ ਗਈ ਲਾਲ ਚੰਦਨ ਦੀ ਲੱਕੜ ਦੀ ਕੀਮਤ ਕਰੀਬ 100 ਕਰੋੜ ਰੁਪਏ ਦੱਸੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਲਾਲ ਚੰਦਨ ਪਾਬੰਦੀਸ਼ੁਦਾ ਚੀਜ਼ਾਂ ਦੀ ਲਿਸਟ ਵਿੱਚ ਹੈ। ਪਹਿਲਾਂ ਵੀ ਵਿਭਾਗ ਨੇ ਇਸ ਤਰ੍ਹਾਂ ਦੇ ਕੇਸ ਫੜੇ ਹਨ। ਲੁਧਿਆਣਾ ਦੀ ਟੀਮ ਨੇ ਇਨ੍ਹਾਂ ਕੰਟੇਨਰਾਂ ਨੂੰ ਪਾਸ ਕਰ ਦਿੱਤਾ ਸੀ, ਪਰ ਅੱਗੇ ਜਾ ਕੇ ਫੜੇ ਜਾਣ ਨਾਲ ਏਥੋਂ ਦੇ ਅਧਿਕਾਰੀਆਂ ਦੇ ਹੱਥ-ਪੈਰ ਫੁੱਲ ਗਏ ਅਤੇ ਵਿਭਾਗ ਵਿੱਚ ਹਫੜਾ-ਦਫੜੀ ਮੱਚ ਗਈ ਹੈ।

ਮਿਲੀ ਜਾਣਕਾਰੀ ਮੁਤਾਬਕ ਜਲਾਲਾਬਾਦ ਵਿੱਚੋਂ ਚੌਲ ਐਕਸਪੋਰਟ ਕਰਨ ਵਾਲੀ ਇਕ ਵੱਡੀ ਫਰਮ ਨੇ ਚੌਲਾਂ ਦੇ ਸੱਤ ਕੰਟੇਨਰ ਕੁਝ ਦਿਨ ਪਹਿਲਾਂ ਗਲਫ ਦੇਸ਼ਾਂ ਨੂੰ ਭੇਜੇ ਸਨ, ਜਿਸ ਨੂੰ ਲੁਧਿਆਣਾ ਆਈ ਸੀ ਡੀ ਕਾਰਨਰ ਉੱਤੇ ਚੈਕਿੰਗ ਦੌਰਾਨ ਕਸਟਮ ਅਧਿਕਾਰੀਆਂ ਦੀ ਟੀਮ, ਜਿਸ ਵਿੱਚ ਦੋ ਸੁਪਰਡੈਂਟ ਅਤੇ ਇੰਸਪੈਕਟਰ ਸ਼ਾਮਲ ਸਨ, ਨੇ ਪਾਸ ਕਰ ਦਿੱਤਾ ਸੀ। ਇਸਪਿੱਛੋਂ ਕੰਟੇਨਰਾਂ ਨੂੰ ਟ੍ਰੇਨ ਰਾਹੀਂ ਮੁਦਰਾ ਪੋਰਟ ਉੱਤੇ ਭੇਜ ਦਿੱਤਾ ਗਿਆ। ਜਦੋਂ ਉਥੇ ਕੰਟੇਨਰਾਂ ਦੀ ਸਕ੍ਰੀਨਿੰਗ ਹੋਈ ਤਾਂ ਉਨ੍ਹਾਂ ਨੂੰ ਇਨ੍ਹਾਂ ਕੰਟੇਨਰਾਂ ਵਿੱਚ ਭਰੇ ਸਾਮਾਨ ਉੱਤੇ ਸ਼ੱਕ ਹੋਇਆ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਖੋਲ੍ਹ ਕੇ ਦੇਖਿਆ ਤਾਂ ਕੰਟੇਨਰਾਂ ਵਿੱਚ ਚੌਲਾਂ ਦੇ ਪਿੱਛੇ ਲਾਲ ਚੰਦਨ ਦੀ ਲੱਕੜ ਭਰੀ ਹੋਈ ਸੀ।ਪਤਾ ਕੀਤਾ ਜਾ ਰਿਹਾ ਹੈ ਕਿ ਇਸ ਮਾਮਲੇ ਵਿਚ ਕਿਸ ਪੱਧਰ ਉੱਤੇ ਗਲਤੀ ਹੋਈ ਹੈ ਜਾਂ ਫਿਰ ਜਾਣ-ਬੁੱਝ ਕੇ ਇਨ੍ਹਾਂ ਨੂੰ ਅੱਗੇ ਭੇਜਿਆ ਗਿਆ ਹੈ।

## ਦੋ ਕਾਰਾਂ ਦੀ ਟੱਕਰ ਵਿੱਚ ਮਾਂ-ਪੁੱਤ ਦੀ ਮੌਤ, ਚਾਰ ਜ਼ਖ਼ਮੀ

ਸ੍ਰੀ ਮੁਕਤਸਰ ਸਾਹਿਬ, 2 ਮਾਰਚ (ਪੋਸਟ ਬਿਊਰੋ)- ਸ੍ਰੀ ਮੁਕਤਸਰ ਸਾਹਿਬ ਨੇੜਲੇ ਪਿੰਡ ਵੜਿੰਗ ਕੋਲ ਕੱਲ੍ਹ ਦੋ ਕਾਰਾਂ ਦੀ ਆਪਸੀ ਟੱਕਰ ਵਿੱਚ ਧਰਮਕੋਟ ਵਾਸੀ ਮਾਂ-ਪੁੱਤ ਦੀ ਮੌਤ ਹੋ ਗਈ ਅਤੇ ਚਾਰ ਲੋਕ ਜ਼ਖ਼ਮੀ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਧਰਮਕੋਟ ਵਾਸੀ ਜਗਸੀਰ ਸਿੰਘ ਆਪਣੀ ਮਾਂ, ਪਤਨੀ ਅਤੇ ਧੀ ਨਾਲ ਆਪਣੇ ਸਹੁਰੇ ਪਰਵਾਰ ਨੂੰ ਮਿਲਣ ਸ੍ਰੀ ਮੁਕਤਸਰ ਸਾਹਿਬ ਆਇਆ ਸੀ। ਰਾਤ ਜਦੋਂ ਉਹ ਆਪਣੀ ਵਰਨਾ ਕਾਰ ਰਾਹੀਂ ਕੋਟਕਪੂਰਾ ਵੱਲ ਜਾ ਰਿਹਾ ਸੀ ਤਾਂ ਸਾਹਮਣੇ ਤੋਂ ਆਈ ਹਾਂਡਾ ਆਈਕਾਨ ਕਾਰ ਉਸ ਦੀ ਕਾਰ ਨਾਲ ਆਣ ਵੱਜੀ। ਇਹ ਦੋਵੇਂ ਵਿਅਕਤੀ ਵੀ ਇਲਾਜ ਅਧੀਨ ਹਨ। ਜਗਸੀਰ ਸਿੰਘ ਧਰਮਕੋਟ ਤੋਂ ਅਕਾਲੀ ਆਗੂ ਤੇ ਸਾਬਕਾ ਮੰਤਰੀ ਤੋਤਾ ਸਿੰਘ ਦਾ ਨਿੱਜੀ ਸਹਾਇਕ ਸੀ। ਪੁਲਸ ਨੇ ਮ੍ਰਿਤਕ ਦੀ ਪਤਨੀ ਅੰਮ੍ਰਿਤਪਾਲ ਕੌਰ ਦੇ ਬਿਆਨਾਂ ਉੱਤੇ ਗੱਡੀ ਚਾਲਕ ਭਗਵੰਤ ਸਿੰਘ ਨਿਵਾਸੀ ਗੰਗਾਨਗਰ ਦੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਇਟਲੀ ਦੀ ਰੰਜਿਸ਼ ਕੱਢਣ ਲਈ ਕਬੱਡੀ ਖਿਡਾਰੀ ਉੱਤੇ ਗੋਲੀਆਂ ਚਲਾ ਦਿੱਤੀਆਂ



ਜਲੰਧਰ, 2 ਮਾਰਚ (ਪੋਸਟ ਬਿਊਰੋ)- ਪਿੰਡ ਅਠੌਲਾ ਵਿੱਚ ਟੂਰਨਾਮੈਂਟ ਖੇਡ ਕੇ ਨਿਕਲੇ ਕਬੱਡੀ ਖਿਡਾਰੀ ਇੰਦਰਜੀਤ ਸਿੰਘ ਇੰਦਰ ਨਾਗਰਾ ਨੂੰ ਗੋਲੀ ਮਾਰਨ ਦਾ ਕੇਸ ਇਟਲੀ ਵਿੱਚ ਚੱਲਦੀ ਰੰਜਿਸ਼ ਨਾਲ ਜੁੜਿਆ ਹੋਇਆ ਹੈ।

ਇੰਦਰ ਨੇ ਦੱਸਿਆ ਕਿ ਉਹ ਪਿੰਡ ਕੋਹਾਲਾ ਦਾ ਵਾਸੀ ਹੈ ਅਤੇ 2007 ਵਿੱਚ ਇਟਲੀ ਗਿਆ ਸੀ ਅਤੇ ਉਥੇ ਵੀ ਕਬੱਡੀ ਖੇਡਦਾ ਸੀ। ਉਥੇ ਪਿੰਡ ਸੁੰਨੜਵਾਲ ਦਾ ਨਵਜੋਤ ਸਿੰਘ ਜੋਤੀ ਮਿਲਿਆ। ਕਰੀਬ ਚਾਰ ਮਹੀਨੇ ਪਹਿਲਾਂ ਨਵਜੋਤ ਦੀ ਕਿਸੇ ਨਾਲ ਲੜਾਈ ਹੋਈ ਸੀ, ਪਰ ਜ਼ਖ਼ਮੀਆਂ ਨੇ ਉਸ ਦੇ ਵਿਰੁੱਧ ਸ਼ਿਕਾਇਤ ਦੇ ਦਿੱਤੀਅ। ਪੁਲਸ ਨੇ ਉਸ ਦੇ ਤੇ ਜੋਤੀ ਦੇ ਵਿਰੁੱਧ ਕੇਸ ਦਰਜ ਕਰ ਲਿਆ। ਕੁਝ ਸਮੇਂ ਬਾਅਦ ਉਸ ਨੇ ਆਪਣੇ ਵਿਰੁੱਧ ਸ਼ਿਕਾਇਤ ਦੇਣ ਵਾਲਿਆਂ ਨਾਲ ਸਮਝੌਤਾ ਕਰ ਲਿਆ। ਇੰਦਰ ਮੁਤਾਬਕ ਜੋਤੀ ਦਾ ਸਮਝੌਤਾ ਉਨ੍ਹਾਂ ਨਾਲ ਨਹੀਂ ਹੋਇਆ। ਇਸ ਪਿੱਛੋਂ ਕੁਝ ਲੋਕਾਂ ਨੇ ਜੋਤੀ ਨੂੰ ਘੇਰ ਕੇ ਕੁੱਟਿਆ ਸੀ। ਜ਼ਖ਼ਮੀ ਨੇ ਇਸ ਬਾਰੇ ਉਸ ਦੇ ਚਾਚੇ ਬਲਜੀਤ ਸਿੰਘ ਉੱਤੇ ਸ਼ੱਕ ਕੀਤਾ ਸੀ। ਇੰਦਰ ਨੇ ਅੱਗੇ ਕਿਹਾ ਕਿ 15 ਦਿਨ ਪਹਿਲਾਂ ਉਹ ਇਟਲੀ ਤੋਂ ਮੁੜਿਆ ਤੇ ਅਠੌਲਾ ਪਿੰਡ ਵਿੱਚ ਕਬੱਡੀ ਟੂਰਨਾਮੈਂਟ ਖੇਡਣਾ ਸ਼ੁਰੂ ਕੀਤਾ ਸੀ। ਕੱਲ੍ਹਉਹ ਟੂਰਨਾਮੈਂਟ ਦਾ ਆਖ਼ਰੀ ਮੈਚ ਖੇਡਣ ਗਿਆ ਤਾਂ ਜਦੋਂ ਬਾਹਰ ਆਇਆ ਅਤੇ ਕਾਰ ਵਿੱਚੋਂ ਸੋਨੇ ਦੀ ਚੇਨੀ ਕੱਢ ਕੇ ਪਾਉਣ ਲੱਗਾ ਤਾਂ ਉਥੇ ਇੱਕ ਕਾਰ ਰੁਕੀ, ਜਿਸ ਵਿੱਚ ਜਿੰਦਰ ਵਾਸੀ ਸੁੰਨੜਵਾਲ ਸੀ ਜੋ ਜੋਤੀ ਦਾ ਭਰਾ ਹੈ। ਉਸ ਦੇ ਨਾਲ ਕੁਝ ਅਣਪਛਾਤੇ ਲੋਕ ਵੀ ਕਾਰ ਵਿੱਚੋਂ ਨਿਕਲੇ ਅਤੇ ਅਤੇ ਬਾਹਰ ਆਉਂਦੇ ਹੀ ਉਸ ਉੱਤੇ ਗੋਲੀ ਚਲਾ ਦਿੱਤੀ, ਜੋ ਉਸ ਦੇ ਪੱਟ ਵਿੱਚ ਲੱਗੀ ਤੇ ਉਸ ਨੇ ਰੌਲਾ ਪਾ ਦਿੱਤਾ। ਉਸ ਦੇ ਸਾਥੀ ਬਾਹਰ ਆਏ ਪਰ ਉਸ ਤੋਂ ਪਹਿਲਾਂ ਜਿੰਦਰ ਉਸ ਦੇ ਗਲੇ ਵਿੱਚ ਪਾਈ ਸੋਨੇ ਦੀ ਚੈਨੀ ਖੋਹ ਕੇ ਸਾਥੀਆਂ ਸਣੇ ਕਾਰ ਵਿੱਚ ਖਿਸਕ ਗਿਆ ਸੀ।

## ਵਿਦੇਸ਼ ਤੋਂ ਆਈ ਔਰਤ ਦੀਆਂ ਵਾਲੀਆਂ ਤੇ ਚੇਨੀ ਝਪਟੀ

### * ਇੱਕ ਝਪਟਮਾਰ ਕਾਬੂ, ਦੂਜਾ ਫ਼ਰਾਰ



ਜਲੰਧਰ, 2 ਮਾਰਚ (ਪੋਸਟ ਬਿਊਰੋ)- ਵਿਦੇਸ਼ ਤੋਂ ਆਈ ਇੱਕ 68 ਸਾਲਾ ਔਰਤ ਦੇ ਗਲੇ ਵਿੱਚ ਪਾਈ ਸੋਨੇ ਦੀ ਚੇਨੀ ਤੇ ਕੰਨਾਂ ਵਿੱਚ ਪਾਈਆਂ ਵਾਲੀਆਂ ਝਪਟ ਕੇ ਫਰਾਰ ਹੋ ਰਹੇ ਐਕਟਿਵਾ ਸਵਾਰ ਦੋ ਜਣਿਆਂ ਵਿੱਚੋਂ ਇੱਕ ਨੂੰ ਲੋਕਾਂ ਨੇ ਕਾਬੂ ਕਰਕੇ ਪੁਲਸ ਦੇ ਹਵਾਲੇ ਕਰ ਦਿੱਤਾ, ਪਰ ਦੂਸਰਾ ਫਰਾਰ ਹੋ ਗਿਆ ਹੈ।

ਸਵਿਤਰੀ ਦੇਵੀ (68) ਵਾਸੀ ਚੀਮਾ ਨਗਰ ਜਲੰਧਰ ਦੇ ਚੀਮਾ ਚੌਕ ਨੇੜੇ ਪੈਦਲ ਜਾ ਰਹੀ ਸੀ ਕਿ ਪਿੱਛੋਂ ਐਕਟਿਵਾ ਉੱਤੇ ਆਏ ਦੋ ਜਣਿਆਂ ਨੇ ਉਸ ਦੇ ਗਲੇ ਵਿੱਚ ਪਾਈ ਸੋਨੇ ਦੀ ਚੇਨੀ ਅਤੇ ਕੰਨਾਂ ਵਿੱਚ ਪਾਈਆਂ ਵਾਲੀਆਂ ਝਪਟ ਲਈਆਂ। ਪੀੜਤ ਮਹਿਲਾ ਵੱਲੋਂ ਰੌਲਾ ਪਾਉਣ ਉੱਤੇ ਇਲਾਕੇ ਦੇ ਲੋਕਾਂ ਨੇ ਇਕੱਠੇ ਹੋ ਕੇ ਦੋਸ਼ੀਆਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਇੱਕ ਜਣਾ ਐਕਟਿਵਾ ਛੱਡ ਕੇ ਭੱਜ ਗਿਆ। ਰਾਹਗੀਰਾਂ ਨੇ ਦੂਸਰੇਦੋਸ਼ੀ ਨੂੰ ਐਕਟਿਵਾ ਸਣੇ ਕਾਬੂ ਕਰ ਲਿਆ। ਉਸ ਕੋਲੋਂ ਵਾਲੀਆਂ ਬਰਾਮਦ ਕਰਕੇ ਲੋਕਾਂ ਨੇ ਪੀੜਤ ਔਰਤ ਨੂੰ ਦੇ ਦਿੱਤੀਆਂ। ਫਰਾਰ ਦੋਸ਼ੀ ਚੇਨੀ ਆਪਣੇ ਨਾਲ ਲੈ ਗਿਆ। ਲੋਕਾਂ ਤੇ ਪੁਲਸ ਵੱਲੋਂ ਕੀਤੀ ਪੁੱਛਗਿੱਛ ਵਿੱਚ ਦੋਸ਼ੀ ਨੇ ਆਪਣਾ ਨਾਮ ਲੱਕੀ ਵਾਸੀ ਕਾਦੀਆਂ ਦੱਸਿਆ। ਉਸਦੀ ਐਕਟਿਵਾ ਵਿੱਚੋਂ ਇੱਕ ਨੰਬਰ ਪਲੇਟ ਅਤੇ ਟੀਕੇ ਲਾਉਣ ਲਈ ਰੱਖੀਆਂ ਸਰਿੰਜਾਂ ਮਿਲੀਆਂ ਹਨ।

Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਐਨੀਮਲ ਬਾਇਓਤਕਨਾਲੋਜੀ ਕਾਲਜ ਦੇ ਸਥਾਪਨਾ ਦਿਵਸ ਸੰਬੰਧੀ ਸਮਾਰੋਹ ਸੰਪੂਰਨ



ਲੁਧਿਆਣਾ, 2 ਮਾਰਚ (ਗਿਆਨ ਸਿੰਘ)- ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਐਨੀਮਲ ਬਾਇਓਤਕਨਾਲੋਜੀ ਕਾਲਜ ਦੇ ਸਥਾਪਨਾ ਦਿਵਸ ਸੰਬੰਧੀ ਕਰਵ- ਾਇਆ ਗਿਆ ਇਕ ਹਫ਼ਤੇ ਦਾ ਸਮਾਰੋਹ ਖੁਸ਼ੀ ਤੇ ਖੇੜੇ ਦੇ ਮਾਹੌਲ ਵਿਚ ਸੰਪੂਰਨ ਹੋ ਗਿਆ।ਕਾਲਜ ਦੇ ਡੀਨ ਅਤੇ ਸਮਾਰੋਹ ਦੇ ਪ੍ਰਧਾਨ, ਡਾ. ਯਸ਼ਪਾਲ ਸਿੰਘ ਮਲਿਕ ਨੇ ਜਾਣਕਾਰੀ ਦਿੱਤੀ ਕਿ ਇਸ ਸਾਲ ਵਿਦਿਆਰਥੀਆਂ ਦੇ ਨਾਲ ਅਧਿਆਪਕਾਂ ਅਤੇ ਕਰਮਚਾਰੀਆਂ ਨੇ ਵੀ ਕਰਵਾਈਆਂ ਗਈਆਂ ਗਤੀਵਿਧੀਆਂ ਵਿਚ ਜ਼ਿਕਰਯੋਗ ਯੋਗਦਾਨ ਪਾਇਆ।ਉਨਾਂ ਨੇ ਸਮਾਪਤੀ ਸੰਬੋਧਨ ਵਿਚ ਕਾਲਜ ਦੀਆਂ ਖੋਜ, ਅਧਿਆਪਨ ਅਤੇ ਪਸਾਰ ਗਤੀਵਿਧੀਆਂ ਬਾਰੇ ਚਾਨਣਾ ਪਾਇਆ।ਇਸ ਮੌਕੇ ’ਤੇ ਡਾ. ਨਚਿਕ- ੇਤ ਕੋਤਵਾਲੀਵਾਲੇ, ਨਿਰਦੇਸ਼ਕ, ਸੀਫ਼ੇਟ ਸੰਸਥਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਉਨਾਂ ਨੇ ਕਿਹਾ ਕਿ ਕਲਾਤਮਿਕ ਗਤੀਵਿਧੀਆਂ ਦੀ ਸਾਡੇ ਜੀਵਨ ਵਿਚ ਬਹੁਤ ਅਹਿਮ ਭੂਮਿਕਾ ਹੈ ਅਤੇ ਵਿਗਿਆਨ ਤੇ ਖੋਜ ਦੀ ਪੜਾਈ ਵਾਲੇ ਵਿਦਿਆਰਥੀਆਂ ਨੂੰ ਵੀ ਇਨਾਂ ਵਿਚ ਜ਼ਰੂਰ ਹਿੱਸਾ ਲੈਣਾ ਚਾਹੀਦਾ ਹੈ। ਸਾਬਕਾ ਡੀਨ ਪੋਸਟ ਗ੍ਰੈਜੂਏਟ ਸਟੱਡੀਜ਼, ਡਾ. ਸਿਮਰਤ ਸਾਗਰ ਸਿੰਘ ਅਤੇ ਡਾ. ਪ੍ਰਵੀਨ ਛੁਨੇਜਾ, ਨਿਰਦੇਸ਼ਕ ਖੇਤੀਬਾੜੀ ਬਾਇਓਤਕਨਾਲੋਜੀ, ਪੀ ਏ ਯੂ ਬਤੌਰ ਪਤਵੰਤੇ ਮਹਿਮਾਨ ਸਮਾਗਮ ਵਿਚ ਸ਼ਾਮਿਲ ਹੋਏ। ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਵੀ ਸਮਾਗਮ ਦੀ ਸੋਭਾ ਵਧਾਈ। ਪ੍ਰਤੀਭਾਗੀਆਂ ਨੂੰ ਸਨਮਾਨਾਂ ਨਾਲ ਨਿਵਾਜਿਆ ਗਿਆ।



ਡਾ. ਸਿਮਰਿੰਦਰ ਸਿੰਘ ਸੋਢੀ, ਪ੍ਰਬੰਧਕੀ ਸਕੱਤਰ ਨੇ ਜਾਣਕਾਰੀ ਦਿੱਤੀ ਕਿ ਵਿਦਿਆਰਥੀਆਂ ਨੇ ਸਨਾਤਨੀ ਨਾਚ, ਕਵਿਤਾ, ਲੋਕ-ਨਾਚ ਅਤੇ ਹੋਰ ਵੰਨਗੀਆਂ ਨਾਲ ਸਮਾਰੋਹ ਵਿਚ ਜੀਵਨ ਦੇ ਕਈ ਰੰਗ ਪ੍ਰਦਰਸ਼ਿਤ ਕੀਤੇ।ਉਨਾਂ ਕਿਹਾ ਕਿ ਕਾਲਜ ਦੇ ਕੁੱਲ 110 ਵਿਦਿਆਰਥੀਆਂ ਵਿਚੋਂ 73 ਵਿਦਿਆਰਥੀਆਂ ਨੇ ਵਿਭਿੰਨ ਮੁਕਾਬਲਿਆਂ ਜਿਨਾਂ ਵਿਚ ਫੋਟੋਗ੍ਰਾਫੀ, ਕਾਰਟੂਨਿੰਗ, ਰੰਗੋਲੀ ਬਨਾਉਣਾ, ਮਿੱਟੀ ਦੇ ਬੁੱਤ ਘੜਨੇ, ਕੋਲਾਜ ਮੇਕਿੰਗ, ਪੋਸਟਰ ਬਨਾਉਣੇ ਅਤੇ ਭਾਸ਼ਣਕਾਰੀ ਸ਼ਾਮਿਲ ਸਨ, ਵਿਚ ਹਿੱਸਾ ਲਿਆ।ਡਾ. ਸਤਪ੍ਰਕਾਸ਼ ਸਿੰਘ, ਸੰਯੁਕਤ ਪ੍ਰਬੰਧਕੀ ਸਕੱਤਰ ਨੇ ਜਾਣਕਾਰੀ ਦਿੱਤੀ ਕਿ ਵੱਖੋ-ਵੱਖਰੇ ਮੁਕਾਬਲਿਆਂ ਵਿਚ ਹਿੱਸਾ ਲੈ ਕੇ ਅਤੇ ਇਨਾਮ ਜਿੱਤ ਕੇ ਵਿਦਿਆਰਥੀ ਬਹੁਤ ਖੁਸ਼ ਸਨ।ਡਾ. ਰਾਮਸਰਨ ਸੇਠੀ ਨੇ ਸਮਾਗਮ ਦੀ ਸਮਾਪਤੀ ’ਤੇ ਪਤਵੰਤੇ ਮਹਿਮਾਨਾਂ ਅਤੇ ਪ੍ਰਤੀਭਾਗੀਆਂ ਨੂੰ ਧੰਨਵਾਦ ਕਿਹਾ।

ਕੋਲਾਜ ਮੁਕਾਬਲੇ ਦਾ ਨਤੀਜਾ: 1. ਸਮਰੀਤ ਕੌਰ 2. ਨਵਪ੍ਰੀਤ ਕੌਰ 3. ਪਿਯੂਸ਼ ਅਤੇ ਮਨਜੋਤ ਕੌਰ

ਪੋਸਟਰ ਬਨਾਉਣਾ: 1. ਦਲਬੀਰ ਸਿੰਘ 2. ਗੁਰਵਿੰਦਰ ਕੌਰ 3. ਅਮੋਲਦੀਪ ਕੋਰ

ਭਾਸ਼ਣਕਾਰੀ :1. ਨਵਦੀਪ ਕੋਰ 2. ਦਿਵਨੂਰ ਕੌਰ ਗਰਚਾ ਅਤੇ ਪਰਮਜੀਤ ਸ਼ਰਮਾ 3. ਪ੍ਰਿਯਾ ਸ਼ਰਮਾ।

## ਅਮਰੀਕਾ ਨੇ ਜਾਸੂਸੀ ਦੇ ਦੋਸ਼ ਵਿੱਚ 12 ਰੂਸੀ ਡਿਪਲੋਮੈਟਾਂ ਨੂੰ ਕੱਢਣ ਦਾ ਐਲਾਨ ਕੀਤਾ

ਯੂ ਐੱਨ ਓ, 2 ਮਾਰਚ (ਪੋਸਟ ਬਿਊਰੋ)- ਅਮਰੀਕਾ ਨੇ ਯੂ ਐੱਨ ਓ ਵਿੱਚ ਰੂਸੀ ਮਿਸ਼ਨ ਦੇ 12 ਮੈਂਬਰਾਂ ਨੂੰ ਜਾਸੂਸੀ ਵਿੱਚ ਸ਼ਾਮਲ 'ਖੁਫੀਆ ਅਧਿਕਾਰੀ' ਹੋਣ ਦੇ ਦੋਸ਼ ਵਿੱਚ ਕੱਲ੍ਹ ਦੇਸ਼ਤੋਂ ਕੱਢਣ ਦਾ ਐਲਾਨ ਕੀਤਾ ਹੈ। ਯੂਕਰੇਨ ਉੱਤੇ ਰੂਸ ਦੇ ਹਮਲਾ ਕਰਨ ਦੇ ਪੰਜਵੇਂ ਦਿਨ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀਸਰਕਾਰ ਨੇ ਇਹ ਕਦਮ ਚੁੱਕਿਆ ਹੈ। ਅਮਰੀਕਾ ਤੇ ਹੋਰ ਕਈ ਦੇਸ਼ਾਂ ਨੇ ਰੂਸੀ ਹਮਲੇ ਦੀ ਨਿੰਦਾ ਕੀਤੀ ਹੈ। ਯੂ ਐੱਨ ਵਿੱਚ ਅਮਰੀਕੀ ਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਰੂਸੀ ਡਿਪਲੋਮੈਂਟਾਂ ਨੇ 'ਜਾਸੂਸੀ ਗਤੀਵਿਧੀਆਂ ਵਿੱਚ ਸ਼ਾਮਲ ਹੋ ਕੇ ਅਮਰੀਕਾ ਵਿੱਚ ਰਹਿਣ ਦੇ ਆਪਣੇ ਅਧਿਕਾਰ ਦੀ ਦੁਰਵਰਤੋਂ ਕੀਤੀ ਹੈ, ਜੋ ਸਾਡੀ ਸੁਰੱਖਿਆ ਲਈ ਨੁਕਸਾਨਦੇਹ ਹਨ।' ਮਿਸ਼ਨ ਨੇ ਕਿਹਾ ਕਿ ਕੱਢਣ ਦੀ ਪ੍ਰਕਿਰਿਆ 'ਕਈ ਮਹੀਨਿਆਂ ਤੋਂ ਜਾਰੀ' ਸੀ ਅਤੇ 193 ਮੈਂਬਰੀ ਯੂ ਐੱਨਦੇ ਮੇਜ਼ਬਾਨ ਵਜੋਂ ਇਹ ਅਮਲ ਯੂ ਐੱਨ ਓਨਾਲ ਅਮਰੀਕਾ ਦੇ ਸਮਝੌਤੇ ਮੁਤਾਬਕ ਹੈ। ਇਸ ਮਾਮਲੇ ਵਿੱਚ ਰੂਸੀ ਰਾਜਦੂਤ ਵੈਸੀਲੀ ਨੇਬੇਨਜੀਆ ਤੋਂ ਉਸ ਦੀ ਪ੍ਰਤੀਕਿਰਿਆ ਬਾਰੇ ਪੁੱਛੇ ਜਾਣ ਉੱਤੇ ਉਨ੍ਹਾਂ ਦੱਸਿਆ ਕਿ ਰੂਸੀ ਅਧਿਕਾਰੀ ਜਾਸੂਸੀ ਵਿੱਚ ਸ਼ਾਮਲ ਨਹੀਂ ਸਨ। ਉਨ੍ਹਾਂ ਕਿਹਾ,''ਜਦੋਂ ਉਹ ਕਿਸੇ ਵਿਅਕਤੀ ਨੂੰ ਅਣਚਾਹਾ ਐਲਾਨ ਕਰਦੇ ਹਨ, ਤਾਂ ਇਹੀ ਬਹਾਨਾ ਬਣਾਉਂਦੇ ਹਨ। ਇਹੀ ਉਹ ਸਪੱਸ਼ਟੀਕਰਨ ਹੈ, ਜੋ ਉਹ ਦਿੰਦੇ ਹਨ।''ਇਹ ਪੁੱਛੇ ਜਾਣ ਉੱਤੇ ਕੀ ਰੂਸ ਵੀ ਜਵਾਬੀ ਕਾਰਵਾਈ ਕਰੇਗਾ, ਉਨ੍ਹਾਂ ਕਿਹਾ,''ਇਹ ਫ਼ੈਸਲਾ ਮੈਂ ਨਹੀਂ ਕਰਨਾ, ਪਰ ਕੂਟਨੀਤਕ ਪ੍ਰਕਿਰਿਆ ਵਿੱਚ ਇਹ ਆਮ ਗੱਲ ਹੈ।'' ਨੇਬੇਨਜੀਆ ਨੇ ਕੱਲ੍ਹ ਕੌਂਸਲ ਨੂੰ ਦੱਸਿਆ ਕਿ ਉਨ੍ਹਾਂ ਨੂੰ ਰੂਸੀ ਮਿਸ਼ਨ ਦੇ ਵਿਰੁੱਧ ਮੇਜ਼ਬਾਨ ਦੇਸ਼ ਦੀ 'ਇੱਕ ਹੋਰ ਦੁਸ਼ਮਣੀ ਵਾਲੀ ਹਰਕਤ' ਦੀ ਜਾਣਕਾਰੀ ਮਿਲੀ ਹੈ। ਉਸ ਨੇ ਇਸ ਕਦਮ ਨੂੰ ਅਮਰੀਕਾ ਤੇ ਯੂ ਐੱਨ ਵਿਚਾਲੇ ਸਮਝੌਤੇ ਤੇ ਕੂਟਨੀਤਕ ਸੰਬੰਧਾਂ ਨੂੰ ਕੰਟਰੋਲ ਕਰਨ ਵਾਲੇ ਵਿਏਨਾ ਕਨਵੈਨਸ਼ਨ ਦਾ 'ਗੰਭੀਰ ਉਲੰਘਣ' ਦੱਸਿਆ। ਨੇਬੇਨਜੀਆ ਦੇ ਇਸ ਬਿਆਨ ਮਗਰੋਂ ਅਮਰੀਕਾ ਦੇ ਉਪ ਰਾਜਦੂਤ ਰਿਚਰਡ ਮਿਲਜ ਨੇ ਕੱਢਣ ਦੇ ਫ਼ੈਸਲੇ ਦੀ ਪੁਸ਼ਟੀ ਕੀਤੀ ਅਤੇ ਇਸ ਨੂੰ ਜਾਇਜ਼ ਠਹਿਰਾਇਆ ਹੈ।

## ਦਿੱਲੀ ਸਰਕਾਰ ਨੇ 26 ਜਨਵਰੀ ਦੀ ਹਿੰਸਾ ਸਮੇਤ ਕਿਸਾਨ ਅੰਦੋਲਨ ਦੇ ਦੌਰਾਨ ਬਣੇ 17 ਕੇਸ ਵਾਪਸ ਲਏ



ਨਵੀਂ ਦਿੱਲੀ, 2 ਮਾਰਚ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਦੇ ਵਿਰੁੱਧ ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਚੱਲੇ ਕਿਸਾਨ ਅੰਦੋਲਨ ਦੌਰਾਨ ਦਰਜ 17 ਕੇਸਾਂ ਨੂੰ ਅਰਵਿੰਦ ਕੇਜਰੀਵਾਲ ਦੀ ਦਿੱਲੀ ਸਰਕਾਰ ਨੇ ਵਾਪਸ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਵਿੱਚ ਇੱਕ ਕੇਸ ਪਿਛਲੇ ਸਾਲ 26 ਜਨਵਰੀ ਨੂੰ ਦਿੱਲੀ ਦੇ ਲਾਲ ਕਿਲ੍ਹੇ ਉੱਤੇ ਹੋਈ ਹਿੰਸਾ ਨਾਲ ਵੀ ਜੁੜਿਆ ਹੈ। ਲੈਫਟੀਨੈਂਟ ਗਵਰਨਰ ਅਨਿਲ ਬੈਜਲ ਦੇ ਦਫ਼ਤਰ ਤੋਂ ਦਿੱਲੀ ਦੇ ਗ੍ਰਹਿ ਮੰਤਰੀ ਸਤੇਂਦਰ ਜੈਨ ਨੂੰ 31 ਜਨਵਰੀ ਨੂੰ ਭੇਜੀ ਗਈ ਫ਼ਾਈਲ ਕੱਲ੍ਹ ਕਾਨੂੰਨ ਵਿਭਾਗ ਦੀ ਰਾਏ ਲੈਣ ਪਿੱਛੋਂ ਮਨਜ਼ੂਰੀ ਕਰ ਦਿੱਤੀ ਗਈ ਹੈ।

ਵਰਣਨ ਯੋਗ ਹੈ ਕਿ ਦਿੱਲੀ ਪੁਲਸ ਨੇ ਨਵੰਬਰ 2020 ਤੋਂ ਦਸੰਬਰ 2021 ਦੌਰਾਨ ਦਰਜ ਕੀਤੇ 54 ਕੇਸਾਂ ਵਿੱਚੋਂ 17 ਕੇਸ ਵਾਪਸ ਲੈਣ ਦਾ ਫ਼ੈਸਲਾ ਕੀਤਾ ਸੀ। ਇਸ ਵਿੱਚ ਲੱਗਭਗ 200-300 ਪ੍ਰਦਰਸ਼ਨਕਾਰੀਆਂ ਤੇ 25 ਟਰੈਕਟਰਾਂ ਦੇ ਲਾਹੌਰੀ ਗੇਟ ਰਾਹੀਂ ਲਾਲ ਕਿਲ੍ਹੇ ਪਹੁੰਚਣ ਦਾ ਕੇਸ ਵੀ ਸ਼ਾਮਲ ਹੈ, ਜਿਸ ਕਾਰਨ ਟਿਕਟ ਕਾਊਂਟਰਾਂ ਅਤੇ ਸੁਰੱਖਿਆ ਜਾਂਚ ਦੇ ਸਾਮਾਨ ਨੂੰ ਨੁਕਸਾਨ ਹੋਇਆ ਸੀ। ਇਸ ਤੋਂ ਇਲਾਵਾ 150-175 ਟਰੈਕਟਰਾਂ ਉੱਤੇ ਸਵਾਰ ਹੋ ਕੇ ਉਤਰ ਪ੍ਰਦੇਸ਼ ਦੇ ਲੋਨੀ ਤੋਂ ਦਿੱਲੀ ਵਿੱਚ ਦਾਖ਼ਲ ਹੋਣ ਵਾਲੇ ਕਿਸਾਨਾਂਖ਼ਿਲਾਫ਼ ਉਤਰ-ਪੂਰਬੀ ਦਿੱਲੀ ਦੇ ਜੋਤੀ ਨਗਰ ਥਾਣੇ ਵਿੱਚ ਇੱਕ ਕੇਸ ਦਰਜ ਕੀਤਾ ਗਿਆ ਸੀ। ਇਸ ਵਿੱਚ ਦੋਸ਼ ਹੈ ਕਿ ਉਨ੍ਹਾਂ ਕਿਸਾਨਾਂ ਨੇ ਪੁਲਸ ਮੁਲਾਜ਼ਮਾਂ ਦੀਆਂ ਡਿਊਟੀਆਂ ਵਿੱਚ ਰੁਕਾਵਟ ਪਾਈ ਅਤੇ ਉਨ੍ਹਾਂ ਉੱਤੇ ਹਮਲਾ ਕੀਤਾ ਸੀ। ਬਹੁਤੇ ਕੇਸ ਦਿੱਲੀ ਦੇ ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਬਾਰਡਰ ਉੱਤੇ ਖੇਤੀ ਕਾਨੂੰਨਾਂ ਖ਼ਿਲਾਫ਼ ਇੱਕ ਸਾਲ ਤਕ ਚੱਲੇ ਕਿਸਾਨ ਅੰਦੋਲਨ ਦੌਰਾਨ ਕੋਵਿਡ-19 ਨਿਯਮਾਂ ਤੇ ਨਿਰਦੇਸ਼ਾਂ ਦੀ ਉਲੰਘਣਾ ਨਾਲ ਸਬੰਧਤ ਹਨ। ਕੇਂਦਰ ਨੇ ਨਵੰਬਰ 2020 ਤੋਂ ਦਸੰਬਰ 2021 ਵਿਚਾਲੇ ਪ੍ਰਦਰਸ਼ਨਕਾਰੀਆਂ ਵਿਰੁੱਧ ਦਰਜ ਕੇਸ ਵਾਪਸ ਲੈ ਲੈਣ ਦੀ ਸੰਯੁਕਤ ਕਿਸਾਨ ਮੋਰਚੇ ਦੀ ਮੰਗ ਉੱਤੇ ਵੀ ਸਹਿਮਤੀ ਪ੍ਰਗਟਾਈ ਸੀ।

## 100 ਕਰੋੜ ਦੀ ਠੱਗੀ ਮਾਮਲੇ ਵਿਚ ਰੈਡ ਐਪਲ ਅਤੇ ਆਈਡੀਆ ਬਿਲਡਰਜ਼ ਦਾ ਮਾਲਕ ਪਰਿਵਾਰ ਸਮੇਤ ਗ੍ਰਿਫ਼ਤਾਰ



ਗਾਜ਼ੀਆਬਾਦ, 2 ਮਾਰਚ (ਪੋਸਟ ਬਿਊਰੋ)- ਫਰਜ਼ੀ ਕੰਪਨੀਆਂ ਖੋਲ੍ਹ ਕੇ ਲੋਕਾਂ ਦੇ ਨਾਲ 100 ਕਰੋੜ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਵਾਲੇ ਰੈਡ ਐਪਲ ਅਤੇ ਆਈਡੀਆ ਬਿਲਡਰਜ਼ ਕੰਪਨੀ ਦੇ ਮਾਲਕ ਰਾਜਕੁਮਾਰ ਜੈਨ ਨੂੰ ਨੰਦਗ੍ਰਾਮ ਪੁਲਸ ਨੇ ਪਰਵਾਰਕ ਮੈਂਬਰਾਂ ਸਮੇਤ ਰਾਜਨਗਰ ਐਕਸਟੈਂਸ਼ਨ ਤੋਂ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾ ਤੋਂ ਫਰਜ਼ੀ ਪਛਾਣ ਹੇਠ ਲਿਆ ਦੁਬਈ ਦਾ ਸਿਟੀਜ਼ਨ ਕਾਰਡ, ਆਧਾਰ ਕਾਰਡ, ਲੈਪਟਾਪ, ਮੋਬਾਈਲ ਅਤੇ ਹੋਰ ਸਾਮਾਨ ਬਰਾਮਦ ਹੋਇਆ ਹੈ।

ਪੁਲਸ ਦਾ ਕਹਿਣਾ ਹੈ ਕਿ ਮਸ਼ਹੂਰ ਬਿਲਡਰ ਲੋਕਾਂ ਨਾਲ ਸੁਸਾਈਟੀ ਵਿੱਚ ਪਲਾਟ ਅਤੇ ਫਲੈਟ ਦੇਣ ਦੇ ਨਾਂ ਉੱਤੇ ਠੱਗੀ ਮਾਰ ਰਹੇ ਸਨ। ਇਸ ਤੋਂ ਇਲਾਵਾ ਉਨ੍ਹਾਂ ਨੇ ਮੋਟੀ ਵਿਆਜ ਦਰ ਉੱਤੇ ਨਿਵੇਸ਼ ਕਰਵਾ ਕੇ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਵੀ ਮਾਰੀ ਹੈ। ਉਸ ਦੇ ਤੇ ਉਸ ਦੇ ਸਾਥੀਆਂ ਖ਼ਿਲਾਫ਼ 29 ਕੇਸ ਦਰਜ ਹਨ। ਮੁਲਜ਼ਮ ਪਛਾਣ ਬਦਲ ਕੇ ਦੁਬਈ ਭੱਜਣ ਦੀ ਫਿਰਾਕ ਵਿੱਚ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਰਾਜ ਕੁਮਾਰ ਜੈਨ, ਉਸਦੇ ਲੜਕੇ ਨਮਨ ਅਤੇ ਅਕਸ਼ੈ ਜੈਨ, ਬੇਟੀ ਅਨੁਸ਼ਾ, ਪਤਨੀ ਇੰਦੂ, ਪਰਵਾਰਕ ਮੈਂਬਰ ਰਿਸ਼ਭ ਜੈਨ ਅਤੇ ਪ੍ਰਤੀਕ ਜੈਨ ਰਾਮਪ੍ਰਸਥਾ ਕਾਲੋਨੀ ਚੰਦਰਨਗਰ ਦੇ ਵਸਨੀਕ ਹਨ। ਉਨ੍ਹਾ ਨੇ ਆਈਡੀਆ ਬਿਲਡਰਜ਼ ਪ੍ਰਾਈਵੇਟ ਲਿਮੀਟਿਡ, ਮੰਜੂ ਜੇ ਹੋਮਜ਼ ਅਤੇ ਰੈਡ ਐਪਲ ਸਮੇਤ ਦਰਜਨਾਂ ਨਾਵਾਂ ਉੱਤੇ ਕੰਪਨੀਆਂ ਬਣਾਈਆਂ ਹਨ, ਜਿਨ੍ਹਾਂ ਵਿੱਚ ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਮੁਲਜ਼ਮਾਂ ਵੱਲੋਂ ਇੱਕੋ ਪਲਾਟ ਅਤੇ ਫਲੈਟ ਕਈ ਵਾਰ ਵੇਚ ਕੇ ਲੋਕਾਂ ਨਾਲ ਠੱਗੀ ਮਾਰੀ ਗਈ।

## ਯੂਕਰੇਨੀ ਸ਼ਰਨਾਰਥੀਆਂ ਵੱਲੋਂ ਵੱਖ-ਵੱਖ ਦੇਸ਼ਾਂ ਵਿੱਚ ਸ਼ਰਨ



ਵੈਨਿਸ, 2 ਮਾਰਚ (ਪੋਸਟ ਬਿਊਰੋ)- ਰੂਸ ਅਤੇ ਯੂਕਰੇਨ ਦੀ ਜੰਗ ਸ਼ੁਰੂ ਹੋਣ ਦੇ ਦਿਨ ਤੋਂ ਯੂਕਰੇਨ ਦੇ ਸ਼ਰਨਾਰਥੀਆਂ ਵੱਲੋਂ ਆਪਣੀ ਜ਼ਿੰਦਗੀ ਨੂੰ ਬਚਾਉਣ ਲਈ ਵੱਖ-ਵੱਖ ਦੇਸ਼ਾਂ ਵਿੱਚ ਸ਼ਰਨ ਲਈ ਜਾ ਰਹੀ ਹੈ, ਜਿਸ ਕਾਰਨ ਯੂਕਰੇਨ ਦੇ ਸ਼ਰਨਾਰਥੀ ਇਟਲੀ ਵਿੱਚ ਆਉਣੇ ਸ਼ੁਰੂ ਹੋ ਗਏ ਹਨ, ਜਿਨ੍ਹਾਂ ਵਿੱਚਬ-ਹੁਤੇ ਔਰਤਾਂ, ਬੱਚੇ ਅਤੇ ਬਜ਼ੁਰਗ ਹਨ।

ਵਰਨਣ ਯੋਗ ਹੈ ਕਿ ਜਦੋਂ ਰੂਸ ਨੇ ਪਿਛਲੇ ਹਫ਼ਤੇ ਯੂਕਰੇਨ ਉੱਤੇ ਹਮਲਾ ਕੀਤਾ ਤਾਂ ਇਨ੍ਹਾਂ ਲੋਕਾਂ ਨੇ ਆਪਣਾ ਦੇਸ਼ ਛੱਡ ਕੇ ਹੋਰ ਦੇਸ਼ਾਂ ਵੱਲ ਰੁਖ਼ ਕੀਤਾ ਸੀ। ਇਟਲੀ ਵਿੱਚ ਅੱਜ ਤੱਕ ਏਮੀਲੀਆ, ਰੋਮਾਨਾ, ਤਰੈਂਨਤੋ, ਵੇਨਤੋ ਅਤੇ ਫੋਰਲੀ ਵਨੇਸ਼ੀਆ ਜੂਲੀਆ ਵਿੱਚ ਸ਼ਰਨਾਰਥੀਆਂਬਾਰੇ ਰਜਿਸਟਰ ਲਾਏ ਗਏ ਹਨ। ਕੱਲ੍ਹ 50 ਲੋਕਾਂ ਦੀ ਬੱਸ, ਡਰਾਈਵਰ ਸਮੇਤ ਦੋ ਪੁਰਸ਼ਾਂ ਨੂੰ ਛੱਡ ਕੇ ਸਾਰੀਆਂ ਔਰਤਾਂ ਅਤੇ ਬੱਚੇ ਇਟਲੀ ਦੇ ਸ਼ਹਿਰ ਤਰੀਸਤੇ ਪਹੁੰਚੇ। ਇਹ ਸ਼ਰਨਾਰਥੀ ਇਟਲੀ ਵਿੱਚ ਦੋਸਤਾਂ, ਰਿਸ਼ਤੇਦਾਰਾਂ ਤੇ ਜਾਣ-ਪਛਾਣ ਵਾਲਿਆਂ ਨਾਲ ਰਹਿਣ ਲਈ ਸੈਟ ਕੀਤੇ ਗਏ ਸਨ। ਬਹੁਤੇ ਉਤਰ ਵਿੱਚ, ਮਿਲਾਨ, ਬੇਰਸ਼ੀਆ ਅਤੇ ਵਿਚੈਂਸਾ ਸਮੇਤ ਸ਼ਹਿਰਾਂ ਵਿੱਚ ਗਏ ਹਨ ਅਤੇ ਕੁਝ ਰੋਮ ਵੱਲ ਵੀ ਜਾ ਰਹੇ ਸਨ। ਇੱਕ ਹੋਰ ਬੱਸ 40 ਦੇ ਕਰੀਬ ਔਰਤਾਂ ਅਤੇ ਬੱਚਿਆਂ ਸਮੇਤ ਪਿਚੈਂਸਾ ਵਿਖੇ ਪਹੁੰਚੀ, ਜਿਸ ਵਿੱਚ 9 ਮਹੀਨੇ ਦਾ ਬੱਚਾ ਵੀ ਸੀ। ਇਟਲੀ ਦੀ ਗ੍ਰਹਿ ਮੰਤਰੀ ਲੂਸੀਆਨਾ ਨੇ ਕਿਹਾ ਹੈ ਕਿ ਏਕਤਾ ਸਾਡੇ ਲਈ ਹਮੇਸ਼ਾ ਸਾਡੇ ਯੂਰਪੀਅਨ ਏਜੰਡੇ ਦਾ ਇੱਕ ਨਿਸ਼ਚਿਤ ਬਿੰਦੂ ਰਿਹਾ ਹੈ ਅਤੇ ਪੀੜਤ ਲੋਕਾਂ ਦੀ ਸਹਾਇਤਾ ਲਈ ਸਾਡੀ ਸਰਕਾਰ ਹਮੇਸ਼ਾਂ ਹੀ ਅੱਗੇ ਆਈ ਹੈ।

## ਮਾਸੂਮ ਨਾਲ ਬਲਾਤਕਾਰ ਤੇ ਕਤਲ ਦੇ ਦੋਸ਼ੀ ਨੂੰ ਮੌਤ ਦੀ ਸਜ਼ਾ

ਪੁਣੇ, 2 ਮਾਰਚ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੀ ਇੱਕ ਵਿਸ਼ੇਸ਼ ਪੋਕਸੋ ਅਦਾਲਤ ਨੇ ਢਾਈ ਸਾਲ ਦੀ ਬੱਚੀ ਨਾਲ ਬਲਾਤਕਾਰ ਕਰਨ ਤੇ ਉਸ ਦਾ ਕਤਲ ਕਰਨ ਦੇ ਦੋਸ਼ੀ ਨੂੰ ਮੌਤ ਦੀ ਸਜ਼ਾ ਸੁਣਾਈ ਹੈ।

ਪੋਕਸੋ (ਸੈਕਸ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ) ਬਾਰੇ ਅਦਾਲਤ ਦੇ ਮੁਖੀ ਜ਼ਿਲ੍ਹਾ ਜੱਜ ਸੰਜੇ ਦੇਸ਼ਮੁਖ ਨੇ ਕੱਲ੍ਹ ਸ਼ਾਮ ਸੰਜੇ ਬਬਨ ਕਾਟਕਰ (38) ਨੂੰ ਦੋਸ਼ੀ ਠਹਿਰਾਇਆ। ਸਰਕਾਰੀ ਵਕੀਲ ਅਨੁਸਾਰ ਦੋਸ਼ੀ ਨੇ 15 ਫ਼ਰਵਰੀ 2021 ਨੂੰ ਬੱਚੀ ਨੂੰ ਅਗਵਾ ਕੀਤਾ ਅਤੇ ਉਸ ਨਾਲ ਬਲਾਤਕਾਰ ਕਰਨ ਪਿੱਛੋਂ ਗਲਾ ਘੁੱਟ ਕੇ ਉਸਦਾ ਕਤਲ ਕਰ ਦਿੱਤਾ ਸੀ। ਬੱਚੀ ਦੇ ਸਰੀਰ ਉੱਤੇ ਕੱਟਣ ਦੇ 11 ਨਿਸ਼ਾਨ ਸਨ।ਜੱਜ ਨੇ ਆਪਣੇ ਆਦੇਸ਼ ਵਿੱਚ ਕਿਹਾ,'ਦੋਸ਼ੀ ਸੰਜੇ ਨੂੰ ਪੋਕਸੋ ਦੀ ਧਾਰਾ-6 ਦੇ ਅਧੀਨ ਇਸ ਅਪਰਾਧ ਲਈ ਮੌਤ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਸ ਨੂੰ ਫਾਂਸੀ ਦਿੱਤੀ ਜਾਵੇ।'' ਵਕੀਲ ਨੇ ਦੱਸਿਆ ਕਿ ਕੇਸ ਦੀ ਸੁਣਵਾਈ ਫਾਸਟ ਟਰੈਕ ਵਿੱਚ ਹੋਈ ਤੇ ਇੱਕ ਸਾਲ ਦੇ ਅੰਦਰ ਸੰਜੇ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਨੇ 16 ਗਵਾਹਾਂ ਦੇ ਬਿਆਨ ਦਰਜ ਕਰ ਕੇ ਸਬੂਤਾਂ ਮੁਤਾ-ਬਕ ਫ਼ੈਸਲਾ ਕੀਤਾ ਹੈ।






# ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚਲੀ ਸਿੱਖ ਗੈਲਰੀ ਨੂੰ ਨਵੀਂ ਦਿੱਖ ਮਿਲੀ

### * ਸ਼ਹਿਜ਼ਾਦੀ ਬੰਬਾ ਤੋਂ ਮਿਲੀਆਂ 88 ਵਸਤਾਂ ਖਿੱਚ ਦਾ ਕੇਂਦਰ ਬਣੀਆਂ



ਅੰਮ੍ਰਿਤਸਰ, 2 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਪੁਰਾਤੱਤਵ ਅਤੇ ਮਿਊਜ਼ੀਅਮ ਵਿਭਾਗ ਵੱਲੋਂ ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਬਣਾਈ ਗਈ ਸਿੱਖ ਗੈਲਰੀ ਦੀ ਨਵੀਂ ਦਿੱਖ ਕਿਲ੍ਹਾ ਵੇਖਣ ਆਉਂਦੇ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀ ਹੋਈ ਹੈ। ਇਸ ਗੈਲਰੀ ਵਿੱਚ 'ਪ੍ਰਿੰਸਿਸ ਬੰਬਾ ਕਲੈਕਸ਼ਨ' ਨਾਂਅ ਹੇਠ ਮਹਾਰਾਜਾ ਰਣਜੀਤ ਸਿੰਘ ਅਤੇ ਲਾਹੌਰ ਦਰਬਾਰ ਨਾਲ ਸਬੰਧਤ ਪੱਕੀ ਪ੍ਰਦਰਸ਼ਨੀ ਵਿੱਚ ਕਈ ਇਤਿਹਾਸਕ ਨਿਸ਼ਾਨੀਆਂ ਸ਼ਾਮਲ ਕੀਤੀਆਂ ਗਈਆਂ ਹਨ।

ਦੱਸਿਆ ਗਿਆ ਹੈ ਕਿ ਇਸ ਪ੍ਰਦਰਸ਼ਨੀ ਵਿਚਲੀਆਂ ਵਸਤਾਂ ਵਿੱਚੋਂ 88 ਵਸਤਾਂ ਲਾਹੌਰ ਦੇ ਸਿੱਖ ਦਰਬਾਰ ਦੇ ਉਸ ਕੌਮੀ ਖ਼ਜ਼ਾਨੇ ਦੀਆਂ ਹਨ, ਜਿਨ੍ਹਾਂ ਦੀ ਸੁਰੱਖਿਆ ਆਪਣੇ ਅੰਤਿਮ ਸਾਹਾਂ ਤਕ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਸਪੁੱਤਰ ਅਤੇ ਪੰਜਾਬ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਸ਼ਹਿਜ਼ਾਦੀ ਸੋਫੀਆ ਸਦਰਲੈਂਡ ਕਰਦੀ ਰਹੀ ਸੀ। ਇਨ੍ਹਾਂ ਵਿੱਚ ਸਿੱਖ ਰਾਜ ਵੇਲੇ ਯੂਰਪੀ ਚਿੱਤਰਕਾਰਾਂ ਵੱਲੋਂ ਬਣਾਏ ਕੀਮਤੀ 18 ਤੇਲ ਚਿੱਤਰ, 14 ਜਲ ਚਿੱਤਰ, 22 ਹਾਥੀ ਦੰਦ ਚਿੱਤਰ, 17 ਤਸਵੀਰਾਂ, 10 ਧਾਤੂ ਦੇ ਬਣੇ ਮਾਡਲ ਅਤੇ ਸੱਤ ਹੋਰ ਵਸਤਾਂ ਵੀ ਸ਼ਾਮਲ ਹਨ। ਇਨ੍ਹਾਂ ਤੇਲ ਚਿੱਤਰਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਦਰਬਾਰ ਵਾਲੀ ਪੇਂਟਿੰਗ, ਮਹਾਰਾਜਾ ਸ਼ੇਰ ਸਿੰਘ ਦੀ ਕੌਂਸਲ ਅਤੇ ਸ਼ੇਰ-ਏ-ਪੰਜਾਬ ਦੀ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠਿਆਂ ਦੀ ਪੇਂਟਿਗ ਦੇ ਨਾਲ ਸ਼ਹਿਜ਼ਾਦਾ ਦਲੀਪ ਸਿੰਘ ਦੀ ਘੋੜੇ ਉੱਤੇ ਸਵਾਰੀ ਕਰਦਿਆਂ ਦੀ ਤਸਵੀਰ, ਉਨ੍ਹਾਂ ਦੇ ਪੁੱਤਰ ਫਰੈਡਰਿਕ ਦਲੀਪ ਸਿੰਘ, ਗੁਲਾਬ ਸਿੰਘ ਡੋਗਰਾ, ਧਿਆਨ ਸਿੰਘ ਡੋਗਰਾ, ਤੇਜਾ ਸਿੰਘ, ਮਹਾਰਾਜਾ ਸ਼ੇਰ ਸਿੰਘ, ਸ਼ੇਰ ਸਿੰਘ ਅਟਾਰੀਵਾਲਾ, ਚਤਰ ਸਿੰਘ ਅਤੇ ਸ਼ਾਮ ਸਿੰਘ ਅਟਾਰੀਵਾਲਾ, ਜਰਨੈਲ ਹਰੀ ਸਿੰਘ ਨਲਵਾ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਲਿਬਾਸ ਵਿੱਚ ਹਾਥੀ ਉੱਤੇ ਬੈਠੇ ਹੋਇਆਂ ਦੀ ਸਿਲਵਰ ਪੇਂਟਿੰਗ ਅਤੇ ਮੁਹੰਮਦ ਬਖ਼ਸ਼ ਨਕਾਸ਼ ਵੱਲੋਂ ਸ਼ੇਰ-ਏ-ਪੰਜਾਬ ਦੇ ਦਰਬਾਰ ਵਿਚਲੇ ਲੱਗਭਗ ਸਭ ਜਰਨੈਲਾਂ, ਅਧਿਕਾਰੀਆਂ ਤੇ ਦੀਵਾਨਾਂ ਦੇ ਨਾਂਅ ਲਿਖੀ ਪੇਂਟਿੰਗ ਵਧੇਰੇ ਵਰਨਣਯੋਗ ਹੈ। ਇਨ੍ਹਾਂ ਚਰਚਿਤ ਪੇਂਟਿੰਗਜ਼ ਦੇ ਨਾਲ ਮਹਾਰਾਜਾ ਦਲੀਪ ਸਿੰਘ ਦੀ ਬੰਸਾਵਲੀ, ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਚੰਦਰਬੰਸੀ ਲਿਖਿਆ ਗਿਆ ਹੈ, ਸਮੇਤ ਰਾਣੀ ਜਿੰਦ ਕੌਰ ਦੇ ਸਫ਼ੈਦ ਸੰਗਮ-ਰਮਰ ਦੇ ਤਰਾਸ਼ੇ ਹੱਥ ਅਤੇ ਮਹਾਰਾਜਾ ਦੀ ਅਖਰੋਟ ਦੀ ਲੱਕੜੀ ਨਾਲ ਬਣੀ ਕੁਰਸੀ, ਜਿਸ ਉੱਤੇ ਦੋ ਮੋਰ ਅਤੇ ਬੰਸਰੀ ਵਜਾਉਂਦੇ ਇੱਕ ਪੁਰਸ਼ ਤੇ ਦੋ ਔਰਤਾਂ ਦੀਆਂ ਮੂਰਤਾਂ ਉਕਰੀਆਂ ਹੋਈਆਂ ਹਨ, ਵੀ ਖਿੱਚ ਦਾ ਕੇਂਦਰ ਹਨ। ਸ਼ਹਿਜ਼ਾਦੀ ਬੰਬਾ ਜਦੋਂ ਵਿਦੇਸ਼ ਤੋਂ ਭਾਰਤ ਆਈ ਤਾਂ ਆਪਣੇ ਨਾਲ ਆਪਣੇ ਪਿਤਾ ਤੋਂ ਮਿਲਿਆ ਵਿਰਾਸਤੀ ਖ਼ਜ਼ਾਨਾ, ਜਿਸ ਵਿੱਚ ਕਈ ਇਤਿਹਾ-ਸਕ ਬਹੁਮੁੱਲੀਆਂ ਵਸਤਾਂ ਸਨ, ਨਾਲ ਲਿਆਈ ਸੀ। ਇਨ੍ਹਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸੋਨੇ ਨਾਲ ਲਿਖੇ ਸ਼ਾਹੀ ਫ਼ਰਮਾਨ, ਪੇਂਟਿੰਗਜ਼, ਹੀਰੇ ਮੋਤੀ ਜੜੀਆਂ ਸ਼ਾਹੀ ਪੁਸ਼ਾਕਾਂ, ਹੀਰਿਆਂ ਦੇ ਹਾਰ ਅਤੇ ਕੀਮਤੀ ਧਾਤੂਆਂ ਦੀਆਂ ਬਣੀਆਂ ਮੂਰਤੀਆਂ ਸਮੇਤ ਅਰਬੀ ਵਿੱਚ ਲਿਖੇ ਦਸਤਾਵੇਜ਼ ਸ਼ਾਮਲ ਸਨ।

ਇਨ੍ਹਾਂ ਦਸਤਾਵੇਜ਼ਾਂ ਨੂੰ ਚੰਗੀ ਤਰ੍ਹਾਂ ਜਾਨਣ ਤੇ ਸਮਝਣ ਲਈ ਸ਼ਹਿਜ਼ਾਦੀ ਬੰਬਾ ਨੇ ਲਾਹੌਰ ਦੇ ਫ਼ਾਰਸੀ ਤੇ ਅੰਗਰੇਜ਼ੀ ਦੇ ਵਿਦਵਾਨ ਕਰੀਮ ਬਖ਼ਸ਼ ਸਪਰਾ ਦੀਆਂ ਸੇਵਾਵਾਂ ਲਈਆਂ ਸਨ। ਸ਼ਹਿਜ਼ਾਦੀ ਦੀ ਆਪਣੀ ਔਲਾਦ ਨਾ ਹੋਣ ਕਰਕੇ ਉਸ ਨੇ ਆਪਣੀ ਮੌਤ ਤੋਂ ਪਹਿਲਾਂ ਦੋ ਗਵਾਹਾਂ ਵਕੀਲ ਮਨਜ਼ੂਰ ਅਨਾਮ ਤੇ ਵਕੀਲ ਮਵਲਿਜ਼ ਹੁਸੈਨ ਦੀ ਹਾਜ਼ਰੀ ਵਿੱਚ ਆਪਣੀ ਸ਼ਾਹੀ ਕੋਠੀ 'ਗੁਲਜ਼ਾਰ', ਮਾਡਲ ਟਾਊਨ ਦੇ ਪਲਾਟ ਨੰਬਰ 103, 104 ਅਤੇ ਇੰਗਲੈਂਡ ਦੇ ਬੈਂਕਾਂ ਵਿੱਚ ਪਈਆਂ ਸਭ ਬਹੁ-ਮੁੱਲੀਆਂ ਵਸਤਾਂ ਸਮੇਤ ਉਕਤ 88 ਵਸਤਾਂ ਕਰੀਮ ਬਖ਼ਸ਼ ਦੇ ਨਾਂਅ ਕਰ ਦਿੱਤੀਆਂ, ਜਿਸ ਨੇ ਪਿੱਛੋਂ ਉਕਤ ਵਸਤਾਂ ਪਾਕਿਸਤਾਨ ਸਰਕਾਰ ਦੇ ਪੁਰਾਤੱਤਵ ਵਿਭਾਗ ਨੂੰ ਵੇਚ ਦਿੱਤੀਆਂ ਸਨ। ਪੁਰਾਤੱਤਵ ਵਿਭਾਗ ਨੇ ਉਕਤ ਸਿੱਖ ਗੈਲਰੀ ਵਿੱਚ ਰਾਣੀ ਮੋਰਾਂ ਦੀ ਧਾਤੂ ਦੀ ਬਣੀ ਕੁਰਸੀ, ਸਿੱਖ ਦਰਬਾਰ ਦੇ ਸ਼ਸਤਰ ਅਤੇ ਸਿੱਖ ਦਰਬਾਰ ਦੇ ਸਿੱਕੇ ਸ਼ਾਮਲ ਕੀਤੇ ਹਨ।

## ਪਾਕਿਸਤਾਨ ਦਾ ਇਤਿਹਾਸਕ ਗੁਰਦੁਆਰਾ ਇਵੈਕਿਊ ਬੋਰਡ ਦੇ ਹਵਾਲੇ ਕਰਨ ਲਈ ਕਮੇਟੀ ਬਣੀ



ਪਿਸ਼ਾਵਰ, 2 ਮਾਰਚ (ਪੋਸਟ ਬਿਊਰੋ)- ਪਾਕਿਸਤਾਨੀ ਅਧਿਕਾਰੀਆਂ ਨੇ ਖੈਬਰ ਪਖਤੂਨਖਵਾ ਪ੍ਰਾਂਤ ਵਿੱਚ 100 ਸਾਲ ਤੋਂ ਵੱਧ ਪੁਰਾਣੇ ਇੱਕ ਗੁਰਦੁਆਰੇ ਦੀ ਉਚਿਤ ਸੰਭਾਲ ਤੇ ਬਚਾਅ ਲਈ ਉਸ ਨੂੰ ਇਵੈਕਿਊ ਪ੍ਰਾਪਰਟੀ ਟਰੱਸਟ ਬੋਰਡ (ਈ ਪੀ ਟੀ ਬੀ) ਦੇ ਸਪੁਰਦ ਕਰਨ ਦਾ ਫ਼ੈਸਲਾ ਲੈਣ ਲਈ ਇੱਕ ਸਾਂਝੀ ਕਮੇਟੀ ਬਣਾਈ ਹੈ। ਸਰਕਾਰ ਵੱਲੋਂ ਬਣਾਈ ਕਮੇਟੀ ਆਪਣੀ ਰਿਪੋਰਟ ਦੇਣ ਤੋਂ ਪਹਿਲਾਂ ਮਨਸੇਹਰਾ ਜ਼ਿਲ੍ਹੇ ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਦਾ ਦੌਰਾ ਕਰੇਗੀ।

19ਵੀਂ ਸਦੀ ਦੇ ਸ਼ੁਰੂ ਵਿੱਚ ਬਣੇ ਸ੍ਰੀ ਗੁਰੂ ਸਿੰਘ ਸਭਾ ਗੁਰਦੁ-ਆਰੇ ਨੂੰ ਆਰਕੀਟੈਕਚਰ ਦੇ ਬਿਹਤਰੀਨ ਨਮੂਨੇ ਦੇ ਰੂਪ ਵਜੋਂ ਜਾਣਿਆ ਜਾਂਦਾ ਹੈ। ਇਸ ਵਿੱਚ ਇੱਕ ਜਨਤਕ ਲਾਇਬ੍ਰੇਰੀ ਹੈ ਅਤੇ ਇਸ ਉੱਤੇਸਾਲ 1999 ਤੋਂ ਮਨਸੇਹਰਾ ਦੇ 'ਟਾਊਨ ਮਿਉਂਸੀਪਲ ਐਡਮਨਿਸਟਰੇਸ਼ਨ' (ਟੀ ਐਮ ਏ) ਦਾ ਕਬਜ਼ਾ ਹੈ। ਅਧਿਕਾਰੀਆਂ ਨੇ ਖੈਬਰ ਪਖਤੂਨਖਵਾ ਸੂਬੇ ਦੀ ਸਰਕਾਰ ਤੋਂ ਇਸ ਗੁਰਦੁਆਰੇ ਨੂੰ ਯੋਗਸੰਭਾਲ ਲਈ ਬੋਰਡ ਨੂੰ ਸੌਂਪਣ ਦੀ ਲਿਖਤੀ ਮੰਗ ਕੀਤੀ ਹੈ। ਈ ਪੀ ਟੀ ਬੀ ਇੱਕ ਵਿਧਾਨਕ ਬੋਰਡ ਹੈ, ਜੋ ਉਨ੍ਹਾਂ ਹਿੰਦੂਆਂ ਤੇ ਸਿੱਖਾਂ ਦੀਆਂ ਧਾਰਮਿਕ ਜਾਇਦਾਦਾਂ ਅਤੇ ਤੀਰਥ ਸਥਾਨਾਂ ਦਾ ਪ੍ਰਬੰਧ ਕਰਦਾ ਹੈ ਜੋ ਵੰਡ ਮਗਰੋਂ ਭਾਰਤ ਚਲੇ ਗਏ ਸਨ। ਪਾਕਿਸਤਾਨ ਵਿਚਲੇ ਸਿੱਖ ਇਤਿਹਾ-ਸਕਾਰ ਸ਼ਾਹਿਦ ਸ਼ੱਬੀਰ ਅਨੁਸਾਰ ਵੰਡ ਮਗਰੋਂ ਇਸ ਗੁਰਦੁਆਰੇ ਵਿੱਚ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਹੀਂ ਰੱਖਿਆ ਗਿਆ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਸਨ ਲਈ ਰੱਖੀ ਪਾਲਕੀ ਸਾਹਿਬ ਆਪਣੇ ਅਸਲ ਸਰੂਪ ਵਿੱਚ ਅੱਜ ਵੀ ਮੌਜਦ ਹੈ।

## ਲਵ ਮੈਰਿਜ ਦੇ ਬਾਅਦ ਸੱਤ ਮਹੀਨੇ ਦੀ ਗਰਭਵਤੀ ਔਰਤ ਨੂੰ ਭਰਾਵਾਂ ਨੇ ਗੋਲੀ ਮਾਰੀ



ਬਦਾਯੂੰ, 2 ਮਾਰਚ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬਦਾਯੂੰ ਵਿੱਚ ਕੱਲ੍ਹ ਦੁਪਹਿਰੇਆਨਰ ਕਿਲਿੰਗ ਦੀ ਵਾਰਦਾਤ ਦੇ ਦੌਰਾਨ ਸੱਤ ਮਹੀਨੇ ਦੀ ਗਰਭਵਤੀ ਨੂੰ ਉਸ ਦੇ ਭਰਾਵਾਂ ਨੇ ਗੋਲੀ ਮਾਰ ਦਿੱਤੀ। ਮਹਿਲਾ ਆਪਣੇ ਪਤੀ ਅਤੇ ਦੇਓਰ ਨਾਲ ਸ਼ਹਿਰ ਤੋਂ ਦਵਾਈ ਲੈ ਕੇ ਆਪਣੇ ਪਿੰਡ ਵਾਪਸ ਆ ਰਹੀ ਸੀ। ਪੁਲਸ ਦੋਸ਼ੀਆਂ ਦੀ ਤਲਾਸ਼ ਕਰ ਰਹੀ ਹੈ।

ਇਹ ਵਾਰਦਾਤ ਅਲਾਪੁਰ ਥਾਣਾ ਖੇਤਰ ਵਿੱਚ ਕਕਰਾਲਾ ਰੋਡ ਉੱਤੇ ਉਘੈਨੀ ਪਿੰਡ ਦੇ ਕੋਲ ਹੋਈ। ਪਿੰਡ ਗੌਰਾਮਈ ਦਾ ਵਾਸੀ ਫਈਮ ਆਪਣੀ ਪਤਨੀ ਸ਼ਿਵਲੀ (25) ਨੂੰ ਕੱਲ੍ਹ ਸਵੇਰੇ ਦਵਾਈ ਦੁਆਉਣ ਲਈ ਸ਼ਹਿਰ ਦੇ ਨਿੱਜੀ ਹਸਪਤਾਲ ਆਇਆ ਸੀ ਅਤੇ ਨਾਲ ਫਈਮ ਦਾ ਚਚੇਰਾ ਭਰਾ ਵਾਸਿਦ ਵੀ ਸੀ।ਇਥੋਂ ਉਹ ਤਿੰਨੇ ਦੁਪਹਿਰ ਬਾਅਦ ਕਰੀਬ ਤਿੰਨ ਵਜੇ ਵਾਪਸ ਘਰ ਆ ਰਹੇ ਸੀਕਿ ਰਸਤੇ ਵਿੱਚ ਸ਼ਿਵਲੀ ਦੇ ਦੋ ਭਰਾ ਮੁਜੀਬ ਅਤੇ ਮੋਅਜਿਮ ਬਾਈਕ ਵਿੱਚ ਪਿੱਛਾ ਕਰਦੇ ਆਏ ਤੇ ਸ਼ਿਵਲੀ ਉੱਤੇ ਫਾਇਰ ਕਰ ਦਿੱਤਾ। ਫਈਮ ਦੇ ਪਰਵਾਰਕ ਮੈਂਬਰਾਂ ਮੁਤਾਬਕ ਦੋਸ਼ੀ ਦੋ ਮਹੀਨੇ ਤੋਂ ਫਈਮ ਅਤੇ ਸ਼ਿਵਲੀ ਦੀ ਰੇਕੀ ਕਰ ਰਹੇ ਸਨ। ਦੋਨੋਂ ਗੁਜਰਾਤ ਵਿੱਚ ਰਹਿ ਕੇ ਮਜ਼ਦੂਰੀ ਕਰਦੇ ਹਨ ਅਤੇ ਦੋ ਮਹੀਨੇ ਪਹਿਲੇ ਆਏ ਸਨ।




ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777

416.802.5866

31 Melanie Dr. Unit #4 Brampton, ON L6T 5H8




$1,399,999

CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




$1,749,900

8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




$1,950,000

26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


# CLASSIFIEDS


Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





## Matrimonial

ਰਿਸ਼ਤੇ ਹੀ ਰਿਸ਼ਤੇ


Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769


WWW.KULWINDERCHHINA.COM

MULTI AWARD WINNER REALTOR



KULWINDERCHHINA
BROKER
647.293.2327



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
ਹਰਜੀਤ ਢਨੋਆ
416.230.4000 • 647.409.1092
www.STARLANEPAINTING.com



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ





ਤੁਰੰਤ ਕਾਮਿਆਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।

ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365


## Change of Name

**I Dhara, daughter of Maheshbhai Patel,** holder of Indian passport No M6563577, issued at Surat on February 23, 2015, Permanent resident of At - Khadsad, Post - Kathodara, Surat Rural, 394326 Gujarat, India and presently residing at 509 - 3 Lisa Street, Brampton L6T4A2, Ontario Canada, do hereby change the name from **Dhara Chintankumar Patel to Dhara Maheshbhai Patel,** with immediate effect.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜ਼ਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host

Iqbal Mahal
Producer & Host

Serving the South Asian Community Since 1976



A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ


Other Realtors only Promise
But JAG AUJLA SOLD YOUR HOME WITH
GUARANTEE
Advertisement
GUARANTEED
Till SOLD
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
(Independently Owned and Operated)
Off: 905-456-3232
www.BramptonTopRelator.com
Top 1% Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 2012,2011,2010)
**(2009,2008)
**(2010)
**(2014)
ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ
CALEDON
BRAND NEW HOUSE FOR SALE ON ASSIGNMENT (IN CALEDON)
ਕੈਨੇਡੀ / ਦੂੱਗਲ
ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇੰਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।
BRAMPTON
Queen St / West Drive $514,905
12 laurelcrest St. 411
Queen St./West Drive
ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।
BRAMPTON
Sold, $1,280,000
$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777
BRAMPTON
24 Youngstar Tr
Hwy 50/Cottrelle
2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੇਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777
BRAMPTON
Sold, $ 1,130,000
34 Winterfold Dr
CREDITVIEW & BOVAIRD (MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
Sold, $ 2.3 M
Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777


FREE ONLINE PROGRAM
JVS TORONTO
Job Search Workshop for Newcomers
Looking for information on how to enter your field in Canada?
Give us four days and we will give you more confidence and an understanding of your occupation in Canada. You will learn what skills and qualifications companies want and where the jobs are.
This free workshop offers:
• An assessment of your unique needs
• Info on Canadian business perspectives
• One-on-one coaching and resume building
• Job search strategies and support
• A personalized action plan
New registrants must have an assessment prior to the start of the program.
Open to permanent residents, convention refugees or live-in caregivers – internationally trained professionals who are able to work and can communicate in English.
Your First Steps to Employment in Canada
Now accepting applications.
For more info and to register, contact JSW@jvstoronto.org
www.jvstoronto.org
Funded by: Immigration, Refugees and Citizenship Canada
Financé par : Immigration, Réfugiés et Citoyenneté Canada
United Way Greater Toronto
UJA FEDERATION of Greater Toronto


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017